# ਸ਼ਰੀਕਾ



ਲੇਖਕ - ਅਕਸ਼ ਕੌਰ ਪੂਰੇਵਾਲ

ਪੰਜਾਬੀ ਲਾਇਬ੍ਰੇਰੀ

www.PunjabiLibrary.com

# ਸ਼ਰੀਕਾ

ਬੀਤ ਚੁੱਕੇ ਕੁਝ ਵਰ੍ਹਿਆਂ ਦੀ ਸੱਟ ਨਾਲ ਮੇਰਾ ਬਾਪੂ ਕੁਝ ਇਸ ਤਰਾਂ ਜੀਅ ਰਿਹਾ ਹੈ, ਜਿਵੇਂ ਜ਼ਖ਼ਮ ਤਾ ਸਭ ਭਰ ਚੁੱਕੇ ਨੇ ਪਰ ਉਹਨਾਂ ਦਾ ਦਰਦ ਅੱਜ ਵੀ ਬੇਸ਼ੁਮਾਰ ਹੈ... [ ਮੇਰੀ ਕਲਮ ਵਿੱਚੋ ਏਹ ਲਿਖਤ ਮੇਰੇ ਪਿਤਾ ਜੀ ਦੀ ਨੇ ਨਾਮ ]

www.PunjabiLibrary.com

ਵਾਹਿਗੁਰੂ ਸੱਚੇ ਪਾਤਸ਼ਾਹ ਤੇਰੀ ਮੇਹਰ ਸਦਕਾ ਹਰ ਦਿਨ ਸੁੱਖ ਸੁੱਖਾ ਨਾਲ ਚੜ੍ਹੇ, ਸਰਬੱਤ ਦਾ ਭਲਾ ਕਰੀ । ਇੰਝ ਆਖਦੀ ਮੱਝਾ ਨੂੰ ਕੱਖ ਪਾਉਦੀਂ ਹੋਈ ਜੀਤੋ ਕੋਈ ਸ਼ਬਦ ਮੂੰਹ ਵਿਚ ਨਿੰਮਾ ਨਿੰਮਾ ਗੁਣ - ਗੁਣਾਂ ਰਹੀ ਸੀ । ਵੇਖਦਿਆਂ ਹੀ ਵੇਖਦਿਆਂ ਉਹ ਟੋਕੇ ਮੁਹਰੋਂ ਕੁਤਰੇ ਪੱਠਿਆਂ ਦਾ ਟੋਕਰਾ ਦੋਵਾਂ ਹੱਥਾਂ ਨਾਲ ਚੁੱਕ ਲੱਕ ਤੇ ਟਿਕਾ ਲੈਂਦੀ ਤੇ ਪੂਰੀ ਫੁਰਤੀ ਨਾਲ ਖੁਰਲੀ ਵਿਚ ਲਿਆ ਸੁੱਟਦੀ, ਫੇਰ ਖੁਰਲੀ ਵਿਚ ਹੱਥ ਮਾਰ ਹਰ ਪਸ਼ੂ ਅੱਗੇ ਉਹ ਸਾਵਾਂ ਚਾਰਾ ਖਿਲਾਰਦੀ । ਪਸ਼ੂਆਂ ਨਾਲ ਉਹਦਾ ਖਾਸਾ ਮੋਹ ਸੀ । ਰੋਜ਼ ਤੜਕੇ ਉੱਠ ਨਿਤੱਨੇਮ ਕਰ ਉਹ ਆਪਣੇ ਮੂੰਹ ਵਿਚ ਕੁਝ ਪਾਉਣ ਤੋਂ ਪਹਿਲਾ ਪਸ਼ੂਆਂ ਨੂੰ ਕੱਖ ਪਾਉਂਦੀ ।

ਦਿਆਲਾ ਅਕਸਰ ਰੋਜ਼ ਦੀ ਤਰਾਂ ਵੇਖ ਬੋਲਣ ਲੱਗ ਪਿਆ...

ਨਾ ਤੇਰੇ ਪਿਉ ਨੇ ਤੈਨੂੰ ਇਹਨਾਂ ਲੜ ਲਾਇਆ ਸੀ ਜਾ ਮੇਰੇ ? ਇਕ ਚਾਹ ਪੀਣੀ ਹੁੰਦੀ ਸਵੇਰੇ ਉੱਠ ਉਹ ਵੀ ਰੋਜ਼ ਤੈਨੂੰ ਆਖ ਆਖ ਮੰਗਣੀ ਪੈਂਦੀ..

ਆਹ ! ਕਤੀੜ ਆਪਣੀ ਨੂੰ ਨਾਲ ਉੱਠਾ ਲਿਆ ਕਰ ਜੇ ਇਹਨਾਂ ਦਾ ਬਹੁਤਾ ਈ ਫਿਕਰ ਏ...

ਸਾਹੋ ਸਾਹੀ ਹੋਈ ਜੀਤੋ ਨਾਲ ਹੀ ਬੋਲ ਪਈ - ਕਤੀੜ ਵੀ ਤਾ ਤੇਰੀ ਜੰਮੀ ਏ, ਜਿੰਨਾ ਕ ਤੈਨੂੰ ਫਿਕਰ ਰਿਹਾ ਡੰਗਰ ਵੱਛੇ ਦਾ ਉਹਨਾਂ ਕ ਇਹਨਾਂ ਨੂੰ ਹੋਊ । ਇਹਨਾਂ

ਦਾ ਦਿੱਤਾ ਈ ਅਸੀ ਖਾਣੇ ਹਾਂ । ਬੰਦਾ ਤਾ ਤੇਰੇ ਵਾਂਗ ਮੂੰਹੋ ਫੁੱਟ ਰੋਟੀ ਲਈ ਆਖ ਦਵੇਗਾਂ, ਇਹਨਾਂ ਬੇਜ਼ੁਬਾਨਾ ਕੋਲ ਕਿਹੜੀ ਕੋਈ ਜ਼ੁਬਾਨ ਹੈ, ਜਦੋ ਪਾਈ ਉਦੋ ਵਿਚਾਰਿਆ ਖਾ ਲਈ..

ਹੁਣ ਖੜ ਜਾ ਜ਼ਰਾ ਕ ਆਹ ਢਾਰੇ ਵਿੱਚੋ ਮੈਨੂੰ ਫੋਸ ਇਕੱਠਾ ਕਰ ਆਉਣ ਦੇ ਲਿਆਉਣੀ ਚਾਹ ਫੇਰ ਤੇਰੇ ਲਈ , ਨਾਲੇ ਇਹਨਾਂ ਜਵਾਕਾਂ ਨੂੰ ਵੀ ਆਖ ਉੱਠ ਖੜ੍ਹਨ ਹੁਣ ਸੂਰਜ ਚੜ੍ਹ ਆਇਆ ਆ ਕੇ ਧਾਰਾਂ ਕੱਢ ਲੈਣ ।

ਵੀਰ ਹੁਣ ਆਖ ਮੇਰੇ ਆਖੇ ਤਾ ਤੂੰ ਨਹੀਂ ਅੱਜ ਤੀਕ ਲੱਗੀ ਜਵਾਕ ਕਿੱਥੋਂ ਲੱਗ ਜਾਣ ਗੇ.. [ਸਿਰ ਤੇ ਪਰਨਾ ਬਣ ਆਉਂਦਾ ਹੋਇਆ ਪੂਰਨ ਬੋਲ ਪਿਆ]

.....ਤੇ ਦੋਵੇਂ ਭਰਾ ਉੱਚੀ ਉੱਚੀ ਹੱਸਣ ਲੱਗ ਪਾਏ..

ਜੀਤੋ ਚਾਕੂ ਰੱਖ ਬੱਠਲ ਵਿੱਚੋ ਹੱਥ ਧੋਂਦੀ ਹੋਈ ਚੋਂਕੇ ਅੰਦਰੋਂ ਦਿਆਲੇ ਤੇ ਪੂਰਨ ਲਈ ਚਾਹ ਲੈ ਆਈ ।

ਲੈ ਫੜੋ ਚਾਹ ! ਜੀਤੋ ਨੇ ਬੜੇ ਰੋਹਬ ਜਿਹੇ ਵਤੀਰੇ ਨਾਲ ਚਾਹ ਦੇ ਗਿਲਾਸ ਦੋਵਾਂ ਦੇ ਹੱਥਾਂ ਵਿਚ ਫੜਾ ਦਿੱਤੇ..

ਪੂਰਨ - ਲੈ ਭਾਬੀ ਬਹਿ ਜਾ ਤੂੰ ਵੀ! [ ਪੂਰਨ ਮੰਜੀ ਤੋਂ ਥੋੜ੍ਹਾ ਪਰਾ ਹੋ ਕੇ ਬਹਿ ਗਿਆ] ਸਾਰਾ ਦਿਨ ਭਾਬੀ ਤੂੰ ਭੱਜੀ ਫਿਰਦੀ ਏ ਦੋ ਘੜੀ ਅਰਾਮ ਵੀ ਕਰ ਲਿਆ ਕਰ ।

ਜੀਤੋ - ਮੈਂ ਤਾ ਕਹਿਨੀ ਆ ਤੇਰੇ ਵੀਰ ਨੂੰ ਕੀ ਤੇਰਾ ਵਿਆਹ ਕਰ ਦੇਵਾਂ ਥੋੜੀ ਬਹੁਤੀ ਮੈਂ ਵੀ ਸੋਖੀ ਹੋਜੂ, ਪਰ ਦਿਉਰਾ ਮੈਨੂੰ ਸ਼ਰੀਕਾ ਬਨਣ ਤੋਂ ਬੜਾ ਡਰ ਲੱਗਦਾ, ਤੈਨੂੰ ਤਾ ਮੈਂ ਆਪਣੇ ਚੋਵਾਂ ਪੁੱਤਾਂ ਵਾਂਗ ਪਾਲਿਆ ਏ ! ਉਹਨਾਂ ਚੋਹਾਂ ਤੇ ਤੇਰੇ ਵਿਚ ਕਦੀ ਕੋਈ ਵਿਤਕਰਾ ਨਹੀਂ ਕੀਤਾ..ਹੁਣ ਕਿ ਪਤਾ ਅਗਲੀ ਮੈਨੂੰ ਮਾਂ ਸਮਝੇ ਜਾ ਨਾ,ਬੇਬੇ ਨੇ ਏ ਘਰ ਤਿਣਕਾ ਤਿਣਕਾ ਜੋੜ ਬਣਾਇਆ ਸੀ,ਮਰਦੀ ਮਰਦੀ ਵੀ ਆਹੀ ਆਖ ਗਈ ਕੇ ਜੀਤੋ ਪੂਰਨ ਤੇਰਾ ਪੁੱਤ ਹੀ ਹੈ ! ਇਹ ਘਰ ਮੇਰੇ ਜਾਣ ਮਗਰੋਂ ਕਿਤੇ ਮਕਾਨ ਨਾ ਬਣ ਜਾਵੇ ਇਹਦੀ ਜਿੰਮੇਵਾਰੀ ਹੁਣ ਤੇਰੀ ਹੈ ।

ਪੂਰਨ - ਲੈ ਭਾਬੀ ਏਵੇਂ ਕਾਹਤੋਂ ਮਨ ਹੌਲਾ ਕਰੀ ਜਾਣੀ ਏ! ਸਾਨੂੰ ਪਤਾ ਏ ਤੂੰ ਬੇਬੇ ਦੀ ਨੂੰਹ ਨਹੀਂ ਧੀ ਬਣ ਹਮੇਸ਼ਾ ਇਸ ਘਰ ਨੂੰ ਸਾਂਭਇਆ ਹੈ, ਤੇ ਜਿੰਨਾ ਘਰਾਂ ਵਿਚ ਨੂੰਹਾਂ ਧੀਆਂ ਬਣ ਆਪਣੇ ਫਰਜ਼ ਅੱਦਾ ਕਰਨ ਉਹਨਾਂ ਘਰਾਂ ਵਿਚ ਕਦੇ ਸ਼ਰੀਕੇ ਨਹੀਂ ਬਣਦੇ । ਉਹ ਅਗਲੀ ਨੇ ਵੀ ਆਣ ਕੇ ਵੇਖੀ ਤੇਰੇ ਵਰਗੀ ਹੀ ਬਣ ਜਾਣਾ ਹੈ, ਰਹੀ ਗੱਲ ਮੇਰੇ ਤੇ ਵੀਰ ਦੀ ਮੈਂ ਤਾ ਵੀਰ ਬਿਨਾ ਸਾਹ ਤੱਕ ਵੀ ਨਹੀਂ ਭਰਦਾ । [ ਤੇ ਨਾਲ ਹੀ ਪੂਰਨ ਨੇ ਕੋਲ ਬੈਠੇ ਦਿਆਲੇ ਨੂੰ ਘੁੱਟ ਕੇ ਜੱਫੀ ਪਾ ਲਈ ]

ਦਿਆਲਾ - ਵੇਖ ਕਿੰਨੀਆਂ ਸਿਆਣੀਆਂ ਗੱਲਾਂ ਕਰਦਾ ਮੈਨੂੰ ਤੇ ਲੱਗਦਾ ਏਹਦੇ ਹੱਥ ਛੇਤੀ ਪੀਲੇ ਕਰਨੇ ਪੈਣਗੇ । ਜੀਤੋ ਮੈਂ ਤਾ ਆਖਦਾ ਕਰਮੀ ਦਾ ਸਾਕ ਨਾ ਤੇਰੇ ਪਿਓ ਕੋਲੋਂ ਮੰਗ ਲਿਆਵਾਂ ? ਤੁਹਾਡੀ ਦੋਵਾਂ ਭੈਣਾਂ ਦੀ ਚੰਗੀ ਖਾਸੀ ਨਿਭੀ ਜਾਉ....

ਜੀਤੋ -  ਲੈ ਇਹ ਤਾ ਤੂੰ ਮੇਰੇ ਮੂੰਹ ਦੀ ਗੱਲ ਹੀ ਆਖ ਦਿੱਤੀ ਨੇਕੀ ਕੀ ਤੇ ਪੁੱਛ ਪੁੱਛ !!!  ਮੈਂ ਅੱਜ ਹੀ ਪਿੰਡ ਜਾ ਬਾਪੂ ਨਾਲ ਗੱਲ ਕਰਕੇ ਆਉਣੀ 2 ਦੀ ਬੱਸੇ ਮੈਨੂੰ ਚਾੜ ਆਈ ਅੱਡੇ ਤੋਂ...!

ਦਿਆਲੇ ਤੇ ਜੀਤੋ ਦੀਆਂ ਗੱਲਾਂ ਸੁਣ ਪੂਰਨ ਦਾ ਚੇਹਰਾ ਲਾਲ ਹੋ ਗਿਆ, ਅੰਦਰ ਹੀ ਅੰਦਰ ਉਹਦੇ ਦਿਲ ਵਿੱਚ ਲੱਡੂ ਫੁੱਟਣ ਲੱਗ ਪਏ..  ਅੰਨਾ ਕੀ ਭਾਲੇ ਦੋ ਅੱਖਾਂ...

ਪੂਰਨ ਤੇ ਅੱਗੇ ਕਿਤੇ ਨਾ ਕਿਤੇ ਕਰਮੀ ਨੂੰ ਪਸੰਦ ਕਰਦਾ ਸੀ। ਜਦੋ ਦਾ ਪੂਰਨ ਨੇ ਕਰਮੀ ਨੂੰ ਦਿਆਲੇ ਦੇ ਵਿਆਹ ਵਿੱਚ ਦੇਖਿਆ ਸੀ ਉਹ ਤਾ ਉਸੇ ਦਿਨ ਤੋਂ ਹੀ ਕਰਮੀ ਦੇ ਉੱਤੋਂ ਦਿਲ ਹਾਰੀ ਬੈਠਾ ਸੀ।

ਜੀਤੋ ਨੇ ਪੂਰਨ ਦੇ ਮੁੱਖ ਦੇ ਬਦਲਦੇ ਹਾਵ ਭਾਵ ਨੂੰ ਵੇਖਦਿਆਂ ਉਹਨੂੰ ਉਂਝ ਹੀ ਛੇੜ ਦਿਆ ਆਖਿਆ - ਪਰ ਮੈਂ ਸੋਚਦੀ ਇਹ ਵਾਜੇ ਨੂੰ ਬਾਪੂ ਮੇਰੀ ਚੰਨ ਵਰਗੀ ਭੈਣ ਦਾ ਰਿਸ਼ਤਾ ਕਰੂਗਾ ਵੀ ਜਾ ਨਹੀਂ..?

ਪੂਰਨ ਨਾਲ ਹੀ ਖਿੱਝ ਗਿਆ -  ਵੇਖ ਵੀਰ ਆਪਣੇ ਪੁੱਤ ਨੂੰ ਹੀ ਵਾਜਾ ਆਖੀ ਜਾਂਦੀ ਲੈ ਮੈਂ ਤਾ ਆਪ ਨਹੀਂ ਕਰਦਾ ਰਿਸ਼ਤਾ। ਕੋਰੀ ਨਾਂਹ ਮੇਰੇ ਪੱਖੋਂ ਤਾ ਵੀਰ ! ਨਾਲੇ ਆ ਭਾਬੀ ਵੀਰ ਜਿਵੇਂ ਤੇਰੇ ਆਖੇ ਨਹੀਂ ਲੱਗਦੀ ਏਹਦੀ ਭੈਣ ਵਿੱਚ ਵੀ ਉਹੀ ਗੁਣ ਹੋਣੇ।

ਹਾ ਹਾ ਦਿਓਰਾ ਹਮ ਅਵਗੁਣ ਭਰੇ ਏਕ ਗੁਣ ਨਹੀਂ... ! ਤੇ ਨਾਲ ਹੀ ਜੀਤੋ ਉੱਚੀ ਉੱਚੀ ਹੱਸਣ ਲੱਗ ਪਈ...

ਪੂਰਨ ਨੀਵੀਂ ਪਾ ਨਿੰਮਾ ਜਿਹਾ ਹੱਸਦਾ ਹੋਇਆ ਧਾਰਾ ਕੱਢਣ ਲਈ ਤੁਰ ਪਿਆ । ਜੀਤੋ ਨਿਆਣਿਆਂ ਨੂੰ ਉੱਠਾ ਅੰਨ ਪਾਣੀ ਛਕਾ ਕੇ ਚੋਹਾਂ ਮੁੰਡਿਆਂ ਨੂੰ ਕੰਮ ਧੰਦੇ ਲੈ ਕੇ ਪਿੰਡ ਨੂੰ ਜਾਣ ਲਈ ਤਿਆਰ ਹੋ ਗਈ । ਦਿਆਲਾ ਉਹਨੂੰ ਸਾਈਕਲ ਫੜ੍ਹ ਬੱਸ ਅੱਡੇ ਤੇ ਛੱਡ ਆਇਆ । ਜੀਤੋ ਨੇ ਪਿੰਡ ਅਪੜ੍ਹ ਕੇ ਆਪਣੇ ਬੇਬੇ ਬਾਪੂ ਨਾਲ ਕਰਮੀ ਦਾ ਹੱਥ ਮੰਗਣ ਦੀ ਸਾਰੀ ਗੱਲ ਖੋਲ ਦਿੱਤੀ । ਜੀਤੋ ਦਾ ਪਿਉ ਨਾਲ ਹੀ ਰਿਸ਼ਤੇ ਲਈ ਰਾਜੀ ਹੋ ਗਿਆ ।

ਹੋਰ ਧੀਏ ਚਾਹੀਦਾ ਵੀ ਕੀ ਆਹ ਤੇ ਅੱਜ ਤੂੰ ਮੇਰੇ ਸਿਰ ਦਾ ਭਾਰ ਹੌਲਾ ਕਰ ਦਿੱਤਾ...

ਜੀਤੋ - ਬਾਪੂ ਕਰਮੀ ਸਾਡੀ ਰਾਜ਼ ਕਰੂ ਰਾਜ਼, ਤੈਨੂੰ ਤਾਂ ਪਤਾ ਹੀ ਆ ਚਾਰ ਜੀਅ ਆ ਅਸੀਂ ਰਲ ਮਿਲ ਕੇ ਰਹਾਂ ਗੇ ਘਰ ਸਵਰਗ ਬਣ ਜਾਵੇਗਾ ਨਾ ਕਰਮੀ ਨੂੰ ਕਿਸੇ ਦੀ ਹਿੜਕ ਨਾ ਝਿੜਕ । ਪੂਰਨ ਦੇ ਸੁਭਾਅ ਦਾ ਤਾ ਪਤਾ ਹੀ ਹੈ ਤੁਹਾਨੂੰ ਨਾ ਵਿਚਾਰਾ ਕਿਸੇ ਨੂੰ ਚੰਗੀ ਆਖੇ ਨਾ ਮਾੜੀ, ਨਾ ਕੋਈ ਐਬ ਲੱਗਾ, ਨਹੀਂ ਤੇ ਬਾਪੂ ਤੈਨੂੰ ਪਤਾ ਈ ਆ ਮੁੰਡੇ ਅੱਜ ਕਲ 100-100 ਨਸ਼ੇ ਕਰਦੇ ਲੋਕੀ ਦੱਸਦੇ ਕੁਝ ਹੋਰ ਤੇ ਨਿਕਲਦਾ ਕੁਝ ਹੋਰ ।

ਅਖੇ ਅਮੀਰ ਦੀ ਮਰਗੀ ਕੁੱਤੀ ਉਹ ਹਰ ਕਿਸੇ ਨੇ ਪੁੱਛੀ, ਗਰੀਬ ਦੀ ਮਰਗੀ ਮਾਂ ਉਹਦਾ ਕਿਸੇ ਨਾ ਲਿਆ ਨਾਂ...

ਮੇਰੇ ਤੋਂ ਕਾਹਦਾ ਉਹਲਾ ਬਾਪੂ ਜਦੋ ਦਾ ਤੁਸੀ ਕਰਜ਼ੇ ਥੱਲੇ ਆਏ ਆ ਕਿਸੇ ਰਿਸ਼ਤੇਦਾਰ ਨੇ ਬਾਂਹ ਨਹੀਂ ਫੜੀ ਨਾ  ਕੋਈ ਭੈਣ ਭਰਾ ਘਰ ਵੜ੍ਹਿਆ । ਨਾਲੇ ਤੁਸੀ ਫਿਕਰ ਨਾ ਕਰੀਉ ਕਿਸੇ ਵੀ ਲੈਣ ਦੇਣ ਦਾ ਅਸੀਂ ਤਾ ਕਰਮੀ ਨੂੰ 2 ਕੱਪੜਿਆ ਚ ਹੀ ਵਿਆਹ ਲੈ ਜਾਣਾ । ਮੈਂ ਆਪਣੀ ਫੁੱਲ ਜਹੀ ਭੈਣ ਦਾ ਕੁਝ ਮਾੜਾ ਤੇ ਸੋਚਦੀ ਨਹੀਂ ।

ਜੀਤੋ ਦੀ ਮਾਂ ਉਹਦੀ ਹਰ ਇਕ ਗੱਲ ਨਾਲ ਸਹਿਮਤ ਸੀ...

ਧੀਏ ਤੈਨੂੰ ਜਿਵੇਂ ਚੰਗਾ ਲੱਗੇ ਤੂੰ ਕਰ । ਮੈਂ ਤੇ ਤੇਰਾ ਬਾਪੂ ਤੇਰੇ ਨਾਲ ਆ ਨਾਲੇ ਕਰਮੀ ਤੇਰੀ ਭੈਣ ਹੈ ਤੇਰਾ ਉਹਦੇ ਤੇ ਪੂਰਾ ਹੱਕ਼ ਹੈ ।

ਕਰਮੀ ਤੋਂ  ਪੁੱਛਿਆ ਗਿਆ ਤੇ ਉਹ ਆਪਣੇ ਖਿੜਦੇ ਚਾਵਾਂ ਨੂੰ ਸਮੇਟ ਦੀ ਹੋਈ ਅੰਦਰ ਨੱਸ ਗਈ । ਸਭ ਸਮਝ ਗਏ ਕੇ ਕਰਮੀ ਦੀ ਵੀ ਹਾਂ ਹੈ..

ਜੀਤੋ ਨਾਲੇ ਗੱਲ ਸੁਣ ਇੰਝ ਕਰੀ ਆ ਮੱਸਿਆ ਤੇ ਤੁਸੀ ਸਾਰੇ ਪਿੰਡ ਆ ਜਾਇਓ , ਏਥੇ ਮੇਲਾ ਲੱਗਣਾ ਏ ਮੈਂ ਸੁੱਖਣਾ ਸੁੱਖੀ ਸੀ ਕੇ ਜੇ ਕਰਮੀ ਦਾ ਰਿਸ਼ਤਾ ਹੋ ਗਿਆ ਮੈਂ ਮੱਥਾ ਟਕਾਉਣ ਲੈ ਕੇ ਆਵਾਗੀਂ, ਉਸੇ ਦਿਨ ਦਿਆਲਾ ਵੀ ਬੈਠ ਵਿਆਹ ਦੀ ਤਾਰੀਕ ਮਿੱਥ ਲਾਵੇਗਾ  ਨਾਲੇ ਨਿੱਬੜੇ ਹੱਥੀਂ ਜੋੜੀ ਨੂੰ ਠਾਕਾ ਲਾ ਦਵਾਂਗੇ ।

ਜੀਤੋ - ਆਹੋ ਬੀਬੀ ਗੱਲ ਤਾ ਠੀਕ ਹੈ ਤੇਰੀ..! ਤੁਸੀ ਤਿਆਰੀ ਰੱਖੀਉ ਅਸੀਂ ਅੱਪੜ ਜਾਵਾਂਗੇ। ਚੱਲ ਬਾਪੂ ਮੈਨੂੰ ਅੱਡੇ ਤੇ ਛੱਡ ਆ ਬੱਸ ਆਉਣ ਹੀ ਵਾਲੀ ਹੈ ਕੁਵੇਲਾ ਹੁੰਦਾ ਜਾਂਦਾ, ਨਿਆਣੇ ਬੈਠੇ ਉਡੀਕਦੇ ਹੋਣੇ।

ਜਦੋ ਦੀ ਜੀਤੋ ਪਿੰਡ ਗਈ ਸੀ ਪੂਰਨ ਦੇ ਪੈਰ ਜ਼ਮੀਨ ਤੇ ਨਹੀਂ ਲੱਗ ਰਹੇ ਸੀ। ਆਪਣੀਆਂ ਸੋਚਾਂ ਵਿਚ ਉਹ ਜਿੰਦਗੀ ਦੇ ਇਸ ਖੂਬਸੂਰਤ ਰਿਸ਼ਤੇ ਦੀਆਂ ਨੀਹਾਂ ਉਸਾਰਦਾ ਕਦੀ ਤੂਤਾਂ ਥੱਲੇ ਪਏ ਮੰਜੇ ਤੇ ਜਾ ਬੈਠਦਾ ਜਾ ਬੈਠਕ ਵਿਚ ਆ ਲੰਮਾ ਪੈ ਜਾਂਦਾ...

ਦਿਆਲਾ ਉਹਨੂੰ ਆਖਣ ਲੱਗ ਪਿਆ - ਪੂਰਨ ਸਿਹਾ ਕਾਹਤੋਂ ਹੋਸ਼ਿਆ ਪਿਆ ਏ...!!!!

ਪੂਰਨ - ਲੈ ਵੀਰ ਤੂੰ ਏਵੇਂ ਆਪਣੀਆਂ ਜਬਲੀਆਂ ਮਾਰੀ ਜਾ, ਮੇਰਾ ਤਾ ਸ਼ਰੀਰ ਅੱਜ ਸਵੇਰ ਦਾ ਤੱਤਾਂ ਠੰਡਾ ਜਿਹਾ ਹੋਇਆ ਪਿਆ ਤਾਹੀ ਘੁੱਟਣ ਜਹੀ ਹੋਈ ਜਾਂਦੀ ਤਾਪ ਜਿਹਾ ਚੜ੍ਹਦਾ ਲੱਗਦਾ।

ਦਿਆਲਾ - ਚੱਲ ਲੱਗਦਾ ਤਾਪ ਦਾ, ਤਾਪ ਤਾ ਤੈਨੂੰ ਵਿਆਹ ਦਾ ਚੜਿਆ ਜਾਪਦਾ। ਮੈਨੂੰ ਵੀ ਏਦਾਂ ਹੀ ਚੜ੍ਹਿਆ ਸੀ, ਵਿਆਹ ਮਗਰੋਂ ਤੇਰੀ ਭਾਬੀ ਨੇ ਸਾਰਾ ਲਾਹ ਦਿੱਤਾ। ਤੇ ਦੋਵੇਂ ਜਾਣੇ ਉੱਚੀ ਉੱਚੀ ਹੱਸਣ ਲੱਗ ਪਏ..

ਵੇਖ ਛੋਟੇ ਵੀਰ ਇਹ ਵਿਆਹ ਵਾਲਾ ਲੱਡੂ ਹੈ ਹੀ ਐਸਾ ਜਿਹੜਾ ਖਾਵੇ ਉਹ ਵੀ ਪਛਤਾਵੇ ਜਿਹੜਾ ਨਾ ਖਾਵੇ ਉਹ ਵੀ ਪਛਤਾਵੇ। ਸੱਪ ਦੀ ਸੀਰੀ ਨੂੰ ਹੱਥ ਪਉਣ ਵਾਲਾ ਕੰਮ ਹੈ ਜਦ ਡੰਗ ਪੈਂਦਾ ਨਾ ਹੋਸ਼ ਉਦੋ ਹੀ ਅਉਦੀ।

ਆਹੋ ਤੈਨੂੰ ਤੇ ਡਸ ਲਿਆ ਨਾ ਵਿਆਹ ਵਾਲੇ ਨਾਗ ਨੇ ਹੁਣ ਇਹਦੀ ਵਾਰੀ ਏ। ਅੰਦਰ ਆਉਂਦੀ ਹੋਈ ਜੀਤੋ ਨੇ ਨਾਲ ਹੀ ਜਵਾਬ ਧਰ ਮਾਰਿਆ...

ਐਵੇ ਮੁੰਡੇ ਨੂੰ ਪੁੱਠੇ ਸਿੱਧੇ ਪਾਠ ਨਾ ਸਿਖਾਇਆ ਕਰ..

ਦਿਆਲਾ - ਲੈ ਬਈ ਪੂਰਨ ਆ ਗਈ ਤੇਰੀ ਭਾਬੀ ਮੋਰਚਾ ਫਤਿਹ ਕਰਕੇ..! ਜੀਤੋ ਨੇ ਸਾਹ ਲੈਂਦੀ ਨੇ ਆਖਿਆ - ਹੋਰ ਮੈਂ ਏਦਾਂ ਤਾ ਮੁੜਨ ਵਾਲੀ ਨਹੀਂ ਸੀ। ਬਾਪੂ ਨੇ ਰਿਸ਼ਤੇ ਲਈ ਹਾਂ ਆਖ ਦਿੱਤੀ ਆ 3 - 4 ਦਿਨਾਂ ਨੂੰ ਮੱਸਿਆ ਏ ਉਸ ਦਿਨ ਠਾਕਾ ਲਾ ਤਾਰੀਕ ਮਿੱਥ ਲਾਵਾਂ ਗੇ। ਘਰ ਦਾ ਵਿਹੜਾ ਖੁਸ਼ੀਆਂ ਨਾਲ ਭਰ ਉੱਠਿਆ। ਨਿਆਣੇ ਪੂਰਨ ਨੂੰ ਛੇੜਦੇ ਵੀ ਚਾਚਾ ਤੈਨੂੰ ਮਾਸੜ ਆਖਾਂਗੇ ਜਾ ਮਾਸੀ ਨੂੰ ਚਾਚੀ। ਜੀਤੋ ਦੀ ਖੁਸ਼ੀ ਡੁੱਲ ਡੁੱਲ ਪੈਂਦੀ। ਸਾਰੇ ਡਰ ਉਹਦੇ ਮਨ ਵਿੱਚੋ ਨਿਕਲ ਗਏ ਕੇ ਬੇਬੇ ਦੇ ਮੂੰਹ ਵਿੱਚੋ ਕੱਢੇ ਆਖਰੀ ਬੋਲ ਵੀ ਪੂਰੇ ਹੋ ਗਏ। ਕਰਮੀ ਦੇ ਸੁਭਾਅ ਤੋਂ ਜੀਤੋ ਚੰਗੀ ਤਰਾਂ ਵਾਕਿਫ਼ ਸੀ , ਸੋਚਦੀ ਸੀ ਜਿਵੇਂ ਮੈਂ ਤੇ ਬੇਬੇ ਨੇ ਫੁੱਲਾਂ ਵਰਗੇ ਏਹਨਾਂ ਜੀਆ ਨੂੰ ਘਰ ਦੀ ਏਸ ਮਾਲ਼ਾ ਵਿਚ ਪਰੋ ਕੇ ਰੱਖਿਆ ਹੈ ਕਰਮੀ ਕਦੇ ਇਹ ਮਾਲ਼ਾ ਟੁੱਟਣ ਨਹੀਂ

ਦਵੇਗੀ । ਉਧਰ ਮੱਸਿਆ ਵਾਲਾ ਦਿਨ ਆ ਗਿਆ । ਜੀਤੋ ਹੁਣੀ ਸਾਰੇ ਪਰਿਵਾਰ ਸਮੇਤ ਪਿੰਡ ਜਾ ਪੁਹੰਚੇ । ਜੀਤੋ ਦੀ ਮਾਂ ਨੇ ਗੁਰਦਵਾਰੇ ਪੂਰਨ ਤੇ ਕਰਮੀ ਨੂੰ ਮੱਥਾ ਟਿਕਾਇਆ । ਜੀਤੋ ਦੇ ਪਿਓ ਨੇ ਪੂਰਨ ਤੇ ਕਰਮੀ ਦਾ ਮੂੰਹ ਮਿੱਠਾ ਕਰ ਠਾਕੇ ਦੀ ਰਸਮ ਨੂੰ ਅਦਾ ਕੀਤਾ । ਵੀਹਾਂ ਦਿਨਾਂ ਬਾਦ ਵਿਆਹ ਵਾਲਾ ਦਿਨ ਮਿੱਥ ਲਿਆ ਗਿਆ । ਦਿਆਲਾ ਆਪਣੇ ਸਹੁਰਿਆਂ ਦੀ ਆਰਥਿਕ ਤੰਗੀ ਬਾਰੇ ਚੰਗੀ ਤਰਾਂ ਵਾਕਿਫ਼ ਸੀ , ਇਸ ਲਈ ਉਹਨੇ ਉਹਨਾਂ ਤੇ ਜਿਆਦਾ ਬੋਝ ਨਾ ਪਾਇਆ ਤੇ ਦੱਸ ਬੰਦਿਆ ਨਾਲ ਚੁੰਨੀ ਚੜਾਵਾਂ ਕਰ ਕਰਮੀ ਨੂੰ ਵਿਆਹ ਕੇ ਲੈ ਆਉਣ ਦਾ ਫੈਸਲਾ ਲਿਆ । ਪੂਰਨ ਵੀ ਇਸ ਗੱਲ ਨਾਲ ਚੰਗੀ ਤਰਾਂ ਸਹਿਮਤ ਹੋ ਗਿਆ । ਤਿਆਰੀਆਂ ਪੂਰੀਆਂ ਜ਼ੋਰਾ ਸ਼ੋਰਾ ਤੇ ਚੱਲ ਰਹੀਆਂ ਸੀ । ਜੀਤੋ ਕੋਲ ਸਿਰ ਖੁਰਕਣ ਦੀ ਵੇਹਲ ਤੱਕ ਨਹੀਂ ਸੀ । ਹਲਵਾਈ ਮਿਠਾਇਆ ਕੱਢ ਦੇ ਇਕ ਦੂਜੇ ਨੂੰ ਮਜ਼ਾਕ ਕਰੀ ਜਾਂਦੇ , ਲੱਡੂਆ ਦੀ ਮਹਿਕ ਪੂਰੇ ਪਿੰਡ ਚ ਫੈਲ ਗਈ...ਸਭ ਨੂੰ ਪਤਾ ਲੱਗ ਗਿਆ ਕੇ ਪੂਰਨ ਦਾ ਵਿਆਹ ਏ । ਕਈਆਂ ਨੇ ਬਥੇਰੇ ਨੱਕ ਮੂੰਹ ਵੱਟੇ ਕੇ ਸਾਨੂੰ ਜੰਞੇ ਨਹੀਂ ਆਖਿਆ ।

ਅਖੀਰ ਵਿਆਹ ਵਾਲਾ ਦਿਨ ਆ ਗਿਆ । ਦਿਆਲਾ ਦੱਸ ਬਾਰਾਤੀ ਲੈ ਪੂਰਨ ਨੂੰ ਵਿਆਹ ਕੇ ਲੈ ਆਇਆ । ਜੀਤੋ ਨੇ ਜੋੜੀ ਤੋਂ ਪਾਣੀ ਵਾਰ ਪੀਤਾ..ਕਰਮੀ ਲਾਲ ਸੂਹੇ ਜੋੜੇ ਵਿੱਚ ਅਰਸ਼ੋਂ ਉੱਤਰੀ ਪਰੀ ਲੱਗ ਰਹੀ ਸੀ । ਪਿੰਡ ਦੀ ਹਰ ਤੀਵੀਂ ਜੀਤੋ ਨੂੰ ਆ ਕੇ ਕਹਿ ਰਹੀ ਸੀ..

ਜੀਤੋ ਪੂਰਨ ਦੇ ਤਾ ਭਾਗ ਖੋਲ ਦਿੱਤੇ ਤੂੰ ਕਿੰਨੀ ਸੋਹਣੀ ਵਹੁਟੀ ਵਿਆਹ ਕੇ ਲੈ ਆਇਆ ਹੈ..

ਕੁੜੇ ! ਭਾਬੀ ਹੋਵੇ ਤੇ ਜੀਤੋ ਵਰਗੀ..

ਜੀਤੋ ਆਪਣੀਆਂ ਤਾਰੀਫਾਂ ਦੇ ਪੁੱਲ ਬਣਦੇ ਵੇਖ ਫੂਲੇ ਨਹੀਂ ਸਮਾਂ ਰਹੀ ਸੀ ਜਿਵੇਂ ਉਹਨੇ ਸੱਚੀ ਪੂਰਨ ਦੀ ਝੋਲੀ ਵਿੱਚ ਹੀਰਾ ਪਾ ਦਿੱਤਾ ਹੋਵੇ। ਪੂਰਨ ਤੋਂ ਖੁਸ਼ੀ ਸਾਂਭੀ ਨਹੀਂ ਜਾ ਰਹੀ ਸੀ। ਉਹ ਮੌਕੇ ਦੀ ਭਾਲ ਵਿੱਚ ਸੀ ਕਦੋ ਸਭ ਰਸਮਾਂ ਖਤਮ ਹੋਣ ਤੇ ਉਹ ਕਰਮੀ ਨਾਲ ਗੱਲਾਂ ਕਰੇ। ਸਭ ਰਸਮਾਂ ਨਿਪਟਾ ਕੇ ਜੀਤੋ ਕਰਮੀ ਨੂੰ ਕਮਰੇ ਵਿੱਚ ਛੱਡ ਆਈ ਤੇ ਨਾਲ ਹੀ ਪੂਰਨ ਨੂੰ ਭੇਜ ਦਿੱਤਾ ਗਿਆ।

ਪੂਰਨ ਬੜੇ ਪਿਆਰ ਨਾਲ ਕਰਮੀ ਵਲ ਅੱਗੇ ਵਧਿਆ ਤੇ ਕੋਲ ਬਹਿ ਗਿਆ ਤੇ ਕਰਮੀ ਦਾ ਹੱਥ ਆਪਣੇ ਹੱਥਾਂ ਲੈ ਲਿਆ..

ਪੂਰਨ - ਵਾਹ ਓਏ ਰੱਬਾਂ ਭਾਬੀ ਨੇ ਤਾਂ ਸੱਚੀ ਮੇਰੇ ਵਾਜੇ ਜੇ ਦੀ ਕਿਸਮਤ ਖੋਲ ਦਿੱਤੀ...

ਕਰਮੀ ਬੜੇ ਪਿਆਰ ਨਾਲ ਮੁਸਕਰਾਈ...

ਪੂਰਨ - ਕਰਮੀ ਸੱਚ ਆਖਾ ਮੈਂ ਭਾਬੀ ਦਾ ਦੇਣ ਕਦੇ ਨਹੀਂ ਮੋੜ ਸਕਦਾ। ।ਰੱਬ ਵਰਗੀ ਮਾਂ ਏ ਮੇਰੀ, ਤੇ ਮੈਂ ਜਾਣਦਾ ਤੂੰ ਵੀ ਭਾਬੀ ਦੀ ਹੀ ਪਰਛਾਈ ਏ..ਮੈਨੂੰ ਤੇਰੇ ਤੇ ਹੋਰ ਕੁਝ ਨਹੀਂ ਚਾਹੀਦਾ ਬਸ ਵੀਰ ਤੇ ਭਾਬੀ ਦੀ ਹਮੇਸ਼ਾ ਸੇਵਾ ਕਰੀ।

ਕਰਮੀ ਨੇ ਪੂਰਨ ਦਾ ਹੱਥ ਘੁੱਟ ਲਿਆ - ਤੁਸੀਂ ਫਿਕਰ ਨਾ ਕਰੋ...। ਪੂਰਨ ਨੇ ਕਰਮੀ ਨੂੰ ਆਪਣੇ ਬਾਹਾਂ ਦੇ ਕਲਾਵੇ ਵਿਚ ਭਰ ਲਿਆ ਤੇ ਰਾਤ ਵੀ ਉਹਨਾਂ ਦੀ ਖੁਸ਼ੀ ਵਿਚ ਸ਼ਾਮਿਲ ਹੋ ਗਈ... ।

ਇਸ ਤਰਾਂ 2 ਮਹੀਨੇ ਬੀਤ ਗਏ । ਘਰ ਦਾ ਵਿਹੜਾ ਖੁਸ਼ੀਆਂ ਨਾਲ ਭਰਿਆ ਰਹਿੰਦਾ । ਕਰਮੀ ਜੀਤੋ ਨਾਲ ਘਰ ਦੇ ਹਰ ਕੰਮ ਵਿੱਚ ਹੱਥ ਵਟਾਉਣ ਲੱਗ ਪਈ ਜਿਸ ਕਾਰਨ ਕੰਮ ਪੱਖੋਂ ਜੀਤੋ ਦਾ ਬੋਝ ਕਾਫੀ ਹਲਕਾ ਹੋ ਗਿਆ । ਨਿਆਣੇ ਵੀ ਕਰਮੀ ਦਾ ਮੋਹ ਕਰਦੇ ਥੱਕਦੇ ਨਹੀਂ ਸੀ । ਜਦੋਂ ਦੀ ਕਰਮੀ ਵਿਆਹ ਕੇ ਘਰ ਆਈ ਸੀ ਉਹਨੇ ਕਦੀ ਵੀ ਜੀਤੋ ਨੂੰ ਨਿਆਣਿਆਂ ਨੂੰ ਓਏ ਤੱਕ ਨਹੀਂ ਆਖਣ ਦਿੱਤਾ ਸੀ । ਖਾਸ ਕਰਕੇ ਬੀਰੂ ਨਾਲ ਕਰਮੀ ਦਾ ਬਹੁਤ ਮੋਹ ਸੀ । ਬੀਰੂ ਜੀਤੋ ਦਾ ਵਿਚਕਾਰ ਵਾਲਾ ਮੁੰਡਾ ਸੀ । ਪੂਰਨ ਵੀ ਬੀਰੂ ਦੇ ਸਾਹਾਂ ਵਿੱਚ ਸਾਹ ਲੈਂਦਾਂ । ਬੀਰੂ ਦੀਆ ਭੂਰੀਆਂ ਅੱਖਾ ਜਿਵੇਂ ਅਸਮਾਨ ਨੂੰ ਛੋਹਣ ਦਾ ਇਸ਼ਾਰਾ ਕਰਦੀਆਂ ।ਪੜ੍ਹਾਈ ਵਿੱਚ ਉਹ ਬੜਾ ਲਾਇਕ ਸੀ । ਮਾਸਟਰ ਵੀ ਉਹਦੀ ਤਾਰੀਫ ਕਰਦੇ ਥੱਕਦੇ ਨਾ । ਸਾਰੇ ਜੀਤੋ ਨੂੰ ਆਖਦੇ ਤੇਰੀ ਕਿਸਮਤ ਦਾ ਤਾਲਾ ਇਕ ਦਿਨ ਤੇਰਾ ਏ ਮੁੰਡਾ ਜ਼ਰੂਰ ਖੋਲੇਗਾ । ਪੂਰਨ ਕੋਲ ਹਰ ਸੁੱਖ ਸੀ ਖੁਸ਼ੀਆਂ ਖੇੜੇ ਸੀ ਪਰ ਇਕ ਸੁੱਖ ਤੋਂ ਉਹ ਇੰਝ ਵਾਂਝਾ ਰਹਿ ਗਿਆ, ਜਿਵੇਂ ਮੁਸਾਫ਼ਿਰ ਆਪਣੀ ਮੰਜ਼ਿਲ ਤੇ ਪੁਹੰਚ ਤਾਂ ਜਾਵੇ ਪਰ ਜਿਹਦੇ ਲਈ ਮੰਜ਼ਿਲ ਤੈਅ ਕੀਤੀ ਹੋਵੇ ਉਥੇ ਉਹ ਇਨਸਾਨ ਹੀ ਨਾ ਹੋਵੇ । 4 ਸਾਲ ਬੀਤ ਗਏ

ਪਰ ਉਹਦੇ ਘਰ ਕੋਈ ਔਲਾਦ ਨਾ ਹੋਈ । ਕਰਮੀ ਦੇ ਸੁਭਾਅ ਵਿੱਚ ਥੋੜੀ ਥੋੜੀ ਖਟਾਸ ਆਉਣੀ ਸ਼ੁਰੂ ਹੋ ਗਈ । ਜੀਤੋ ਉਹਨੂੰ ਸਮਝਾ ਸਮਝਾ ਥੱਕ ਗਈ ਸੀ ਕੇ ਕਰਮੀ ਰੱਬ ਦੀ ਰਜ਼ਾ ਵਿੱਚ ਰਾਜ਼ੀ ਰਹਿਣਾ ਸਿੱਖ ਜਦ ਉਹ ਮਾਲਕ ਦੀ ਮਰਜ਼ੀ ਹੋਈ ਤੇਰੀ ਝੋਲੀ ਆਪੇ ਭਰ ਜਾਣੀ ਬਹੁਤੇ ਦੀ ਚਾਅ ਵਿੱਚ  ਬਾਕੀ ਰਿਸ਼ਤੇ ਨਾ ਖ਼ਰਾਬ ਕਰ । ਕਰਮੀ ਦੀ ਸਿਹਤ ਤੇ ਪਰ ਕਿਸੇ ਵੀ  ਗੱਲ ਦਾ ਕੋਈ ਅਸਰ ਨਾ ਹੁੰਦਾ । ਇਕ ਦੋ ਵਾਰ ਉਹ ਪੂਰਨ ਨਾਲ  ਲੜ ਕੇ ਪੇਕੇ ਵੀ ਚਲੀ ਗਈ । ਜੀਤੋ ਉਹਨੂੰ ਮਨਾਂ ਕੇ ਫਿਰ ਘਰ ਲੈ ਆਈ । ਰਾਤ ਨੂੰ ਸਾਰੇ ਬੈਠ ਰੋਟੀ ਖਾ ਰਹੇ ਸੀ । ਬੀਰੂ ਭੱਜ ਕੇ ਪੂਰਨ ਕੋਲ ਆ ਗਿਆ ਤੇ ਪੂਰਨ ਦੇ ਕੁੜਤੇ ਉੱਪਰ ਸਬਜ਼ੀ ਡੁੱਲ ਗਈ । ਕਰਮੀ ਨੇ ਨਾਲ ਹੀ ਉੱਠ ਕੇ ਬੀਰੂ ਦੇ ਚਪੇੜ ਜੜ੍ਹ ਦਿੱਤੀ..

ਅੰਨਾ ਹੋਇਆ ਏ ! ਦਿਖਦਾ  ਨਹੀਂ ਚਾਚਾ ਤੇਰਾ ਰੋਟੀ ਖਾ ਰਿਹਾ । ਚੱਜ ਨਾਲ ਰੋਟੀ ਵੀ ਖਾਣ ਦੇਂਦੇ ਸਾਰਾ ਦਿਨ ਟਪੂ ਟਪੂ ਲਾਈ ਰੱਖਦੇ । ਬੀਰੂ ਉੱਚੀ ਉੱਚੀ ਰੋਣ ਲੱਗ ਪਿਆ..

ਜੀਤੋ  ਕੋਲ ਵੇਖ ਸਹਾਰਿਆ ਨਾ ਗਿਆ ਉਹ ਕਰਮੀ ਨੂੰ ਨਾਲ ਹੀ ਪੈ ਗਈ... ਫਿਰ  ਕਿ ਆਫ਼ਤ ਆ ਗਈ ਜੇ ਡੁੱਲ ਗਈ, ਨਿਆਣੇ ਨੂੰ ਨਹੀਂ ਪਤਾ ਲੱਗਾ..

ਪੂਰਨ ਨਾਲ ਹੀ ਬੋਲ ਪਿਆ - ਕੋਈ ਗੱਲ ਨਹੀਂ ਭਾਬੀ ਕਰਮੀ ਦੇ ਸੁਭਾਅ ਦਾ ਤੈਨੂੰ ਕਿਹੜਾ ਨਹੀਂ ਪਤਾ ਗੁੱਸਾ ਆ ਗਿਆ ਹੋਣਾ , ਚੱਲ ਆ ਬੀਰੂ ਪੁੱਤ ਆਪਾਂ ਰੋਟੀ ਖਾ ਲਈ ਏ ਚੁੱਪ ਕਰ ਮੇਰਾ ਪੁੱਤ..!

ਕਰਮੀ ਪੂਰਨ ਨੂੰ ਜੀਤੋ ਦਾ ਪੱਖ ਪੂਰਦਿਆਂ ਵੇਖ ਰੋਂਦੀ ਰੋਂਦੀ ਕਮਰੇ ਅੰਦਰ ਚਲੇ ਗਈ । ਜੀਤੋ ਮਗਰੇ ਜਾਣ ਲੱਗੀ ਤੇ ਪੂਰਨ ਨੇ ਰੋਕ ਦਿੱਤਾ ਕੇ ਭਾਬੀ ਮੈਂ ਆਪੇ ਸਮਝਾਂ ਲੈਣਾ ਤੁਸੀ ਰੋਟੀ ਖਾਵੋ । ਰੋਟੀ ਖਾ ਪੂਰਨ ਕਮਰੇ ਅੰਦਰ ਚਲਾ ਗਿਆ । ਕਰਮੀ ਹਜੇ ਵੀ ਰੋ ਰਹੀ ਸੀ ।

ਪੂਰਨ ਉਹਦੇ ਕੋਲ ਜਾ ਬੈਠ ਗਿਆ..

ਪੂਰਨ - ਕਰਮੋ ਕੀ ਗੱਲ ਏ ? ਮੈਂ ਦੇਖ ਰਿਹਾ ਅੱਜਕਲ ਤੂੰ ਹੱਦ ਤੋਂ ਵੱਧ ਪਰੇਸ਼ਾਨ ਰਹਿਣ ਲੱਗ ਪਈ ਏ ਨਿੱਕੀ ਨਿੱਕੀ ਗੱਲ ਤੇ ਤੂੰ ਖਿੱਝ ਜਾਣੀ । ਇੰਝ ਨਹੀਂ ਕਰੀ ਦਾ ਹੁੰਦਾ , ਘਰ ਵਿਚ ਕਲੇਸ਼ ਚੰਗਾ ਨਹੀਂ ਹੁੰਦਾ ।

ਕਰਮੀ ਨਾਲ ਹੀ ਉੱਠ ਖੜੀ ਹੋਈ - ਮੈਂ ਕਲੇਸ਼ ਕਰਦੀ ਕੇ ਭੈਣ ਕਰਦੀ, ਤੁਸੀ ਤੇ ਖੇਤਾਂ ਨੂੰ ਚਲ ਜਾਣੇ ਤੇ ਤੁਹਾਡੇ ਪਿੱਛੋਂ ਜੋ ਮੇਰੇ ਨਾਲ ਹੁੰਦੀਆਂ ਉਹ ਮੈਂ ਹੀ ਜਾਣਦੀ ਹਾਂ । ਕੋਈ ਵੀ ਆਉਂਦਾ ਹਰ ਕੋਈ ਆਹੀ ਪੁੱਛਦਾ - ਕਰਮੀ ਪੂਰਨ ਨੂੰ ਔਲਾਦ ਦਾ ਸੁੱਖ ਕਦੋਂ ਦਏ ਗੀ । ਭੈਣ ਨਾਲ ਹੀ ਆਖ ਦੇਂਦੀ ਆ ਫਿਰ ਕੀ ਆ ਅਖੇ ਮੇਰੇ ਨਿਆਣੇ ਵੀ ਤਾ ਇਹਦੇ ਹੀ ਨੇ ਤੇ ਨਾਲ ਹੀ ਉਹ ਪੂਰਨ ਦੇ ਗੱਲ ਲੱਗ ਉੱਚੀ ਉੱਚੀ ਰੋਣ ਲੱਗ ਪਈ ..

ਲੈ ਹੈ ਦੱਸ ਕਮਲੀ ! ਤੇ ਇਹਦੇ ਵਿੱਚ ਭਾਬੀ ਮਾੜਾ ਵੀ ਕੀ ਆਖਦੀ ? ਮੈਂ ਤੇ ਅੱਗੇ ਸੋਚਦਾ ਸੀ ਕੇ ਆਪਾਂ ਬੀਰੂ ਨੂੰ ਗੋਦ ਲੈ ਲੈਣੇ..ਕੀ ਆਖਦੀ ਹੈ ?

ਕਰਮੀ - ਹਾਏ ਵੇ ਮੇਰਿਆਂ ਭੋਲਿਆ ਬੰਦਿਆ ! ਤੂੰ ਤੇ ਸੱਚੀ ਰੱਬ ਦਾ ਬੰਦਾ ਏ...ਤੂੰ ਸਮਝਦਾਂ ਕਾਹਤੋਂ ਨਹੀਂ ਭੈਣ ਤੇ ਅੱਗੇ ਚਾਹੁੰਦੀ ਕੇ ਸਾਡੇ ਘਰ ਕੋਈ ਔਲਾਦ ਨਾ ਹੋਵੇ ਤੇ ਸਾਰੀ ਜ਼ਮੀਨ ਦੇ  ਹੱਕਦਾਰ ਉਹੀ ਰਹਿਣ ਤੇ ਇਸ ਘਰ ਵਿੱਚ ਹਮੇਸ਼ਾ ਭੈਣ ਦਾ ਹੀ ਰੋਹਬ ਹੋਵੇ । ਤਾਹੀ ਤੇ ਅਗਲੀ ਮੇਰਾ ਰਿਸ਼ਤਾ ਲੈ ਕੇ ਆਈ ਇਸ ਘਰ ਵਿੱਚ ਕੇ ਮੇਰੀ ਭੈਣ ਕਦੀ ਜ਼ਮੀਨ ਲਈ ਮੂੰਹ ਨਹੀਂ ਖੋਲੇ ਗੀ , ਪਰ ਮੈਂ ਚੁੱਪ ਨਹੀਂ ਬਹਿ ਸਕਦੀ । ਸਾਰਾ ਦਿਨ ਮੇਰਾ ਬੰਦਾ ਮਿੱਟੀ ਨਾਲ ਮਿੱਟੀ ਹੁੰਦਾ ਤੇ ਆਪ ਉਹ ਸਾਰਾ ਦਿਨ ਵੀਰ ਤੇਰਾ ਮੰਜੇ ਤੋੜਦਾ ।

ਪੂਰਨ -  ਬਸ ਕਰਮੀ ਬਸ ਇਕ ਸ਼ਬਦ ਨਾ ਬੋਲੀ ਹੁਣ । ਮੈਂ ਆਪਣੇ ਮਾਂ ਪਿਓ ਵਰਗੇ ਵੀਰ ਭਰਜਾਈ ਖਿਲਾਫ ਕੁਛ ਨਹੀਂ ਸੁਣ ਸਕਦਾ । ਵੀਰ ਠੀਕ ਨਹੀਂ  ਰਹਿੰਦਾ ਤੇ  ਤੂੰ ਚੰਗੀ ਤਰਾਂ ਜਾਣਦੀ ਏਸ ਗੱਲ ਨੂੰ , ਡਾਕਟਰ ਨੇ ਉਹਨੂੰ ਮਨਾਂ ਕੀਤਾ ਹੈ ਕੰਮ ਕਰਨ ਤੋਂ ਮੈਂ ਤੇਰੀ ਸੋਚ ਤੇ ਹੈਰਾਨ ਆ ਕਰਮੀ ਤੈਨੂੰ ਹੋ ਕੀ ਗਿਆ ਏ?
ਕਰਮੀ  - ਹਾਂ ਅੱਜ ਤੁਹਾਨੂੰ ਮੇਰੀਆਂ ਆਹ ਗੱਲਾਂ ਬਹੁਤ ਚੁੱਭ ਰਹੀਆਂ ਹੋਣਗੀਆਂ ਪਰ ਸੱਚ ਤੋਂ ਕੋਈ ਨਹੀਂ ਮੂੰਹ ਫੇਰ ਸਕਦਾ । ਤੁਹਾਡੀ ਭਾਬੀ ਆਪਣੇ ਘਰਵਾਲੇ  ਦਾ ਇਲਾਜ਼ ਕਰਾ ਸਕਦੀ ਹੈ, ਪਰ ਉਹ ਤੁਹਾਡੇ ਬਾਰੇ ਨਹੀਂ ਸੋਚਦੀ ਕੇ ਮੈਂ ਕਰਮੀ ਨੂੰ ਸ਼ਹਿਰ ਕਿਸੇ ਡਾਕਟਰ ਕੋਲੋਂ ਦਵਾਈ ਦਵਾ ਕੇ ਲਿਆਵਾਂ । ਕਿਉ ਨਹੀਂ ਸੋਚਦੀ ਉਹ ?  ਸੋਚਿਆ ਕਦੀ ਤੁਸੀ ਏ ਸਭ ..????

ਪੂਰਨ ਉੱਠ ਬਾਹਰ ਹਵੇਲੀ ਵੱਲ ਨੂੰ ਤੁਰ ਪਿਆ । ਸਾਰੀ ਰਾਤ ਉਹਨੂੰ ਕਰਮੀ ਦੇ ਆਖੇ ਬੋਲ ਤੰਗ ਕਰਦੇ ਰਹੇ ਇੱਕ ਮਿੰਟ ਵੀ ਉਹਦੀ ਅੱਖ ਨਾ ਲੱਗੀ ।

ਸਵੇਰੇ ਉੱਠ ਜੀਤੋ ਨੇ ਪੂਰਨ ਨੂੰ ਚਾਹ ਫੜ੍ਹਾਈ...

ਜੀਤੋ - ਪੂਰਨ ਕਿ ਗੱਲ ਸਿਹਤ ਨਹੀਂ ਠੀਕ ਜਾਪਦੀ.?

ਪੂਰਨ - ਨਹੀਂ ਭਾਬੀ ਠੀਕ ਏ ਸਿਹਤ ਨੂੰ ਕੀ ਹੋਣਾ....

ਜੀਤੋ - ਵਾਹਿਗੁਰੂ ਠੀਕ ਹੀ ਰਖੇ... ਪਰ ਫੇਰ ਵੀ ਐਵੇਂ ਕਰ ਵੀਰ ਤੇਰੇ ਦੀ ਦਵਾਈ ਖਤਮ ਹੋਈ ਏ ਨਾਲੇ ਉਹਦੀ ਦਵਾਈ ਫੜ੍ਹ ਲਿਆਵੀਂ ਤੇ ਨਾਲ ਹੀ ਡਾਕਟਰ ਨੂੰ ਤੂੰ ਵੀ ਆਪਣੀ ਸਿਹਤ ਦਿਖਾ ਲਵੀਂ..।

ਪੂਰਨ - ਨਹੀਂ ਭਾਬੀ ਮੈਂ ਤੇ ਠੀਕ ਹਾਂ, ਸੋਚਦਾ ਕਰਮੀ ਨੂੰ ਨਾਲ ਲੈ ਜਾਵਾਂ ਮੈਂ ਸੁਣਿਆ ਸ਼ਹਿਰ ਵੱਡੇ ਹਸਪਤਾਲ ਇਕ ਬੜਾ ਸਿਆਣਾ ਡਾਕਟਰ ਆਇਆ ਏ ਕਰਮੀ ਨੂੰ ਉਹਨੂੰ ਦਿਖਾ ਲਿਆਉਣਾ ਅੱਜਕਲ ਹਰ ਚੀਜ਼ ਦਾ ਇਲਾਜ਼ ਹੈ...

ਜੀਤੋ - ਲੈ ਹੈ ਕਮਲਾ ਉਹਨੂੰ ਕੀ ਹੋਇਆ 4 ਵਰੇ ਹੀ ਤਾ ਹੋਏ ਨੇ ਜਦ ਰੱਬ ਦੀ ਮਰਜ਼ੀ ਹੋਈ ਉਹਨੇ ਆਪੇ ਪੁੱਤਰ ਦੀ ਦਾਤ ਬਕਸ਼ ਦੇਣੀ ਹੈ, ਦੋਵੇਂ ਜੀਅ ਰੱਬ ਦਾ ਨਾਮ ਲਿਆ ਕਰੋ ।

ਪੂਰਨ- ਰੱਬ ਦਾ ਚਾਹੁੰਦਾ ਏ, ਕਰਮੀ ਸੱਚ ਹੀ ਆਖ ਦੀ ਹੈ ਭਾਬੀ ਤੂੰ ਹੀ ਨਹੀਂ ਚਾਹੁੰਦੀ , ਪੂਰਨ ਦੇ ਅੰਦਰ ਜਿਨ੍ਹਾਂ ਵੀ ਜ਼ਹਿਰ ਕਰਮੀ ਨੇ ਭਰਿਆ ਸੀ ਉਹਨੇ ਜੀਤੋ ਮੋਹਰੇ ਸਾਰਾ ਉਗਲ ਦਿੱਤਾ।

ਜੀਤੋ ਦੇ ਹੱਥੋਂ ਚਾਹ ਦਾ ਗਿਲਾਸ ਥੱਲੇ ਡਿੱਗ ਗਿਆ..

ਵੇ ਦਿਓਰਾ ਆਹ ਕੀ ਬਕੀ ਜਾਨਾ ਤੇਰਾ ਦਿਮਾਗ ਠੀਕ ਹੈ ?

ਦਿਆਲਾ ਵੀ ਉੱਠ ਆ ਗਿਆ ਉਹਨੇ ਬਥੇਰਾ ਪੂਰਨ ਤੇ ਕਰਮੀ ਨੂੰ ਚੁੱਪ ਕਰਾਇਆ । ਪਰ ਉਹਨਾ ਦੋਵੇਂ ਦੇ ਬੋਲ ਘਰ ਦੀ ਹਰ ਇੱਟ ਹਿਲਾ ਕੇ ਸਾਹ ਲੈਣਾ ਚਾਹੁੰਦੇ ਸੀ..ਅਖੀਰ ਹੋਇਆ ਉਹੀ ਜਿਸਦਾ ਡਰ ਸੀ ਗੱਲ ਇਹਨੀ ਵੱਧ ਗਈ ਕੇ ਪੂਰਨ ਨੇ ਸਾਫ਼ ਸਾਫ਼ ਆਖ ਦਿੱਤਾ ਮੈਨੂੰ ਅੱਡ ਕਰ ਦਿੱਤਾ ਜਾਵੇ, ਅਸੀਂ ਆਪਣੀ ਵੱਖਰੀ ਰੋਟੀ ਪੱਕਾ ਕੇ ਖਾਵਾਂ ਗੇ ਨਾਲ ਹੀ ਮੇਰੇ ਆਉਂਦੀ ਹਿੱਸੇ ਜ਼ਮੀਨ ਮੈਨੂੰ ਦੇ ਦਿੱਤੀ ਜਾਵੇ। ਜੀਤੋ ਨੇ ਬਥੇਰਾ ਸਮਝਾਇਆ ਕੇ ਤੂੰ ਪਾਵੇ ਸਾਰੀ ਜ਼ਮੀਨ ਰੱਖ ਲਾ ਪਰ ਅੱਡ ਹੋਣ ਵਾਲੀ ਗੱਲ ਨਾ ਕਰ । ਪਰ ਪੂਰਨ ਨੂੰ ਜੀਤੋ ਵਿਚ ਹੁਣ ਮਾਂ ਦੀ ਥਾਂ ਸ਼ਰੀਕਾ ਦਿਖਦਾ ਸੀ । ਅਖੀਰ ਜਦ ਦਿਆਲੇ ਤੇ ਜੀਤੋ ਦੀ ਬਸ ਹੋ ਗਈ ਉਹ ਬਟਵਾਰੇ ਲਈ ਮੰਨ ਗਏ । ਪੰਚਾਇਤ ਬੈਠੀ ਤੇ ਘਰ ਤੇ ਜ਼ਮੀਨ ਦਾ ਬਟਵਾਰਾ ਹੋ ਗਿਆ । ਦਿਆਲੇ ਨੇ 5 ਕਿੱਲੇ ਉਹ ਪੂਰਨ ਦੇ ਨਾਮ ਕੀਤੇ ਜਿਹਦੀ ਜ਼ਮੀਨ ਬੜੀ ਨਿਆਈ ਸੀ ਤੇ ਹਰ ਸਾਲ ਫ਼ਸਲ ਚੰਗੀ ਖਾਸੀ ਹੁੰਦੀ ਸੀ ਤੇ ਆਪ ਉਹਨੇ ਕਲਰ ਜ਼ਮੀਨ ਵਾਲੇ ਕਿੱਲੇ ਆਪਣੇ ਨਾਮ ਕਰਵਾ ਲਏ ਉਹਨਾਂ ਪੰਜ ਕਿੱਲਿਆ ਦਾ ਟੱਕ ਵੀ ਇਕੱਠਾ ਨਹੀਂ ਸੀ

ਉਹ ਹਰ  ਕਿੱਲ੍ਹਾ ਕੋਈ  ਕਿਸੇ ਥਾਂ ਤੇ ਸੀ ਤੇ ਕੋਈ ਕਿਤੇ, ਪਰ ਉਹ ਪੂਰਨ ਨੂੰ ਹਰ ਹਾਲ ਵਿਚ ਖੁਸ਼ ਵੇਖਣਾ ਚਾਹੁੰਦਾ ਸੀ   ਸਮਾਂ ਉਡਾਰੀਆਂ ਭਰਦਾ ਗਿਆ . ਜਿਨ੍ਹਾਂ ਭਰਾਵਾਂ ਦੀਆਂ ਬਾਹਾਂ ਕਦੀ ਇਕ ਦੂਜੇ ਵੱਲ ਨੂੰ ਭੱਜਿਆ ਕਰਦੀਆਂ ਸੀ ਅੱਜ ਉਹਨਾਂ ਦੇ ਚੁੱਲਿਆ ਵਿਚ ਅੱਡ ਅੱਡ ਰੋਟੀਆਂ ਪੱਕਦੀਆਂ ਸੀ...।

7 ਸਾਲ ਬੀਤ ਗਏ ਪੂਰਨ ਦੇ ਘਰ ਦੋ ਕੁੜੀਆਂ ਹੋਈਆਂ । ਦਿਨੋ ਦਿਨ ਉਹਦੇ ਦਿਨ ਚੰਗੇ ਹੁੰਦੇ ਗਏ ਫ਼ਸਲ ਹਰ ਸਾਲ ਚੰਗੀ ਖਾਸੀ ਹੁੰਦੀ । ਦਿਆਲਾ ਬਿਮਾਰ ਹੋਣ ਕਾਰਨ ਮੰਜੀ ਤੇ ਪੈ ਗਿਆ ਦੂਜਾ ਉਹਨੂੰ ਪੂਰਨ ਦਾ ਗ਼ਮ ਲੈ ਬੈਠਾ ।  ਪੂਰਨ ਨੇ ਕਦੀ ਉਹਨਾਂ ਦੀ ਸਾਰ ਤੱਕ ਨਾ ਲਈ । ਜੀਤੋ ਦੇ ਮੁੰਡੇ ਵੱਡੇ ਹੋ ਗਏ ਦਿਨ ਰਾਤ ਜੀਤੋ ਨਾਲ ਪੂਰੀ ਮਦਾਦ ਕਰਦੇ ਪਰ ਜ਼ਮੀਨ ਕਲਰ ਹੋਣ ਕਾਰਨ ਉਹ ਦਿਨੋ  ਦਿਨ ਕਰਜ਼ੇ ਥੱਲੇ ਦੱਬੇ ਗਏ । ਜੇ ਕਿਤੇ ਇਕ ਅੱਧੇ  ਟੱਕ ਵਿੱਚ ਫ਼ਸਲ ਚੰਗੀ ਹੋ ਜਾਂਦੀ ਤੇ ਪਾਣੀ ਪੱਖੋਂ ਰਹਿ ਜਾਂਦੀ..ਜ਼ਮੀਨ ਚ ਬੋਰ ਨਾ ਹੋਣ ਕਰਕੇ ਸਾਰੀ ਫ਼ਸਲ ਹਰ ਸਾਲ ਬਰਬਾਦ ਜਾਂਦੀ..ਜਦ ਤੱਕ ਦਿਆਲਾ ਰੱਜਿਆ ਪੁਛਿਆ ਸੀ ਸਾਰੇ ਉਹਦੇ ਯਾਰ ਸੀ, ਪਰ ਗਰੀਬ ਦਾ ਕੋਈ ਯਾਰ ਨਹੀਂ ਹੁੰਦਾ । ਜੀਤੋ ਨੇ ਪਰ ਕਦੀ ਹਿੰਮਤ ਨਹੀਂ ਹਾਰੀ ਰੱਬ ਦਾ ਨਾਮ ਜਪਦੀ ਰਹਿੰਦੀ । ਰਿਸ਼ਤੇਦਾਰ ਕੋਈ ਉਹਨਾਂ ਦੇ ਘਰ ਨਾ ਵੜਦਾ ਕੇ ਏਥੋਂ ਕਿਹੜਾ ਕੁਝ ਮਿਲਣਾ ਸਗੋਂ ਗ਼ਰੀਬਾਂ ਨੂੰ ਦੇ ਕੇ ਜਾਨ ਛੱਡਾਉਣੀ ਪੈਣੀ, ਜਿਥੋਂ ਖਾਣ ਨੂੰ ਮਿਲਣਾ ਸੀ ਸਾਰੇ ਓਧਰ ਨੂੰ ਪੈਰ ਘੜੀਸਦੇ ਪੂਰਨ ਦੇ ਵੇਹੜੇ ਹੀ ਮਹਿਫ਼ਲਾਂ ਸੱਜਦੀਆਂ । ਜੀਤੋ ਨੂੰ ਆਪਣੇ ਮੁੰਡਿਆਂ ਤੋਂ ਪੂਰੀ ਆਸ ਸੀ ਕੇ ਉਹ ਇਸ ਘਰ ਨੂੰ ਇਕ

ਦਿਨ ਫਿਰ ਤੋਂ ਜ਼ਰੂਰ ਜੋੜਨ ਗੇ. ਖਾਸਕਰ ਬੀਰੂ ਤੋਂ ਉਹਦੀਆਂ ਗੱਲਾਂ ਸੁਣ ਉਹਦੇ ਦਿਲ ਦੀ ਸੱਟ ਨੂੰ ਬਥੇਰਾ ਅਰਾਮ ਮਿਲਦਾ। ਬੀਰੂ ਦਾ ਅੱਜ ਵੀ ਉਨਾਂ ਹੀ ਪੂਰਨ ਨਾਲ ਮੋਹ ਸੀ ਜਿਨ੍ਹਾਂ ਪਹਿਲਾ ਸੀ ਭਾਵੇ ਉਹ ਵੱਡਾ ਹੋ ਗਿਆ ਸੀ ਪੂਰਨ ਉਹਨੂੰ ਕਰਮੀ ਤੋਂ ਚੋਰੀ ਕਈ ਵਾਰ ਮਿਲ ਲੈਂਦਾ... ।

ਗਰਮੀਆਂ ਦੇ ਦਿਨ ਸਿਖਰਾਂ ਤੇ ਚੱਲ ਰਹੇ ਸੀ। ਛੋਨੇ ਨੂੰ ਲੱਗਾ ਪਾਣੀ ਬਥੇਰੀ ਭੜਾਸ ਮਾਰ ਰਿਹਾ ਸੀ। ਪੂਰਨ ਤੇ ਕਰਮੀ ਤੂਤ ਥੱਲੇ ਮੰਜੀ ਡਾਹੀ ਅੰਬ ਚੂਪ ਰਹੇ ਸੀ..ਬੀਰੂ ਭੱਜਾ ਭੱਜਾ ਗਿਆ ਤੇ ਕਰਮੀ ਨੂੰ ਵੇਖ ਦੂਰ ਹੀ ਖੜ ਗਿਆ। ਅੰਬਾ ਦਾ ਉਹ ਵੀ ਬਥੇਰਾ ਸ਼ੋਕੀਨ ਸੀ। ਉਹ ਦੂਰੋਂ ਉਹਨਾਂ ਨੂੰ ਵੇਖੀ ਜਾ ਰਿਹਾ ਸੀ ਮੂੰਹ ਉਹਦੇ ਵਿੱਚੋ ਲਾਲਾ ਡਿੱਗ ਰਹੀਆਂ ਸੀ..

ਅਖੀਰ ਪੂਰਨ ਨੇ ਕਰਮੀ ਤੋਂ ਡਰਦੇ ਡਰਦੇ ਉਹਨੂੰ ਆਵਾਜ਼ ਮਾਰ ਹੀ ਲਈ... ਭਲਾਂ ਨੂੰਹਾ ਨਾਲੋਂ ਵੀ ਕਦੀ ਮਾਸ ਵੱਖਰਾ ਹੋਇਆ...

ਪੂਰਨ ਨੇ ਬੀਰੂ ਨੂੰ ਅੰਬ ਫੜਾ ਦਿੱਤੇ- ਲੈ ਪੁੱਤ ਖਾ..!

ਕਰਮੀ ਨੇ ਉਹਦੇ ਹੱਥੋਂ ਅੰਬ ਖੋ ਲਏ..

ਤੇ ਪੂਰਨ ਨੂੰ ਨਾਲ ਹੀ ਪੈ ਗਈ- ਏਹਦੀ ਮਾਂ ਕਿੰਨੇ ਕ ਸਾਨੂੰ ਖਾਵਾਂ ਕੇ ਜਾਂਦੀ ਏ ਤੂੰ ਵੱਡਾ ਦਾਨੀ..

ਬੀਰੂ ਨੇ ਘਰ ਆ ਕੇ ਜੀਤੋ ਨੂੰ ਦੱਸਿਆ ਤੇ ਉਹ ਸਾਰਾ ਦਿਨ ਰੋਂਦੀ ਰਹੀ।

ਪੂਰਨ ਦਾ ਹਜੇ ਵੀ ਬੀਰੂ ਨਾਲ ਪਿਆਰ ਵੇਖ ਕਰਮੀ ਦਾ ਜ਼ਹਿਰ ਦਿਨੋ ਦਿਨ ਵੱਧ ਹੀ ਜਾਂਦਾ ਸੀ ਕੇ ਏਹਦੇ ਤੇ ਚਾਰ ਮੁੰਡੇ ਨੇ ਮੇਰੇ ਤੇ ਹੈ ਵੀ ਕੁੜੀਆਂ ਕਿਤੇ ਪੂਰਨ ਫਿਰ ਜ਼ਮੀਨ ਏਹਨਾਂ ਨੂੰ ਨਾ ਦੇ ਦਵੇ । ਬੀਰੂ ਤੋਂ ਕਰਮੀ ਨਫ਼ਰਤ ਕਰਨ ਲੱਗ ਪਈ । ਵਕ਼ਤ ਆਪਣੀ ਚਾਲੇ ਤੁਰਦਾ ਗਿਆ । ਬੀਰੂ ਨੂੰ ਵੀ ਚਾਚੀ ਦੀ ਕੁੜੱਤਣ ਦਾ ਸਵਾਦ ਆਉਣ ਲੱਗ ਪਿਆ । ਹੁਣ ਉਹਨੇ ਪੂਰਨ ਨੂੰ ਵੀ ਕਰਮੀ ਦੇ ਕਲੇਸ਼ ਦੇ ਡਰ ਪੱਖੋਂ ਬੁਲਾਉਣਾ ਛੱਡ ਦਿੱਤਾ । ਹਾਂ ਘਰ ਵਿੱਚ ਪੈਸੇ ਦੀ ਤੰਗੀ ਹੱਥੋਂ ਜੀਤੋ ਉਹਨੂੰ ਅੱਗੇ ਨਾ ਪੜ੍ਹਾ ਸਕੀ ਪਰ ਖੇਤਾਂ ਵਿੱਚ ਉਹ ਸਭ ਤੋਂ ਜਿਆਦਾ ਮਿਹਨਤ ਕਰਨ ਲੱਗ ਪਿਆ...।

ਇਕ ਦਿਨ ਉਹ ਖੇਤਾਂ ਵਿੱਚ ਬੈਠਾ ਜ਼ਮੀਨ ਨੂੰ ਨਿਹਾਰੀ ਜਾ ਰਿਹਾ ਸੀ ਨਾਲ ਪਿੱਛੋਂ ਉਹਦਾ ਯਾਰ ਸ਼ਿੰਦਾ ਆ ਗਿਆ..

ਸ਼ਿੰਦੇ ਨੇ ਬੀਰੂ ਦੇ ਪਿੱਠ ਪਿੱਛੇ ਜ਼ੋਰ ਦੇਣੀ ਨਾਲ ਤਫ਼ਾ ਮਾਰ ਆਖਿਆ - ਉਏ ਬੀਰੂ ਆਹ ਕੀ ਬੈਠਾ ਬਿਟਰ ਬਿਟਰ ਚਾਕੀ ਜਾਣਾ । ਉੱਠ ਚਲ ਸਾਡੇ ਖੇਤਾਂ ਵਿੱਚ ਚਲੀਏ ਬਾਪੂ ਬੋਰ ਕਰਾ ਰਿਹਾ ...

ਬੀਰੂ ਬਿਨਾਂ ਕੁਝ ਆਖੇ ਸ਼ਿੰਦੇ ਦੇ ਪਿੱਛੇ ਪਿੱਛੇ ਤੁਰ ਪਿਆ ...

ਸ਼ਿੰਦੇ ਦਾ ਬਾਪੂ ਮਿਸਤਰੀ ਲਾਗਲੇ ਪਿੰਡੋ ਲਿਆਇਆ ਸੀ, ਬੀਰੂ ਸਾਰਾ ਦਿਨ ਉੱਥੇ ਬੈਠਾ ਬੋਰ ਹੁੰਦਿਆਂ ਵੇਖਦਾ ਰਿਹਾ । ਸ਼ਾਮ ਨੂੰ ਜਦੋ ਸਾਰਾ ਕੰਮ ਨਿਬੜ ਗਿਆ ਤੇ ਮਿਸਤਰੀ ਦਾ ਧਿਆਨ ਬੀਰੂ ਵੱਲ ਗਿਆ..

ਕਾਕਾ ਕੀ ਗੱਲ ਘਰ ਨਹੀਂ ਜਾਣਾ ਹੁਣ ਤੇ ਬੋਰ ਵੀ ਹੋ ਗਿਆ ਪਾਣੀ ਵੀ ਆ ਗਿਆ ਤੂੰ ਸਵੇਰ ਦਾ ਏਥੇ ਹੀ ਬੈਠਾ...

ਬੀਰੂ ਬੜੇ ਸਹਿਜ ਪਾ ਨਾ ਬੋਲਿਆ - ਚਾਚਾ ਸਾਡੇ ਖੇਤਾਂ ਵਿੱਚ ਬੋਰ ਕਰਦੇ ਹਾਂ ਜੇ ਸਾਡੀ ਜ਼ਮੀਨ ਚ ਪਾਣੀ ਆ ਗਿਆ ਉਹ ਵੀ ਨਰੋਈ ਹੋਜੂ ਤੇ ਫ਼ਸਲ ਚੰਗੀ ਹੋਵੇਗੀ...ਨਾਲੇ ਮੇਰੀ ਬੀਬੀ ਵੀ ਖੁਸ਼ ਹੋਜੂ ਗੀ..

ਮਿਸਤਰੀ ਨੇ ਉਹਦਾ ਸਿਰ ਪਲੋਸਦਿਆਂ ਆਖਿਆ - ਲੈ ਪੁੱਤ ਸਾਡਾ ਤੇ ਕੰਮ ਹੀ ਆਹੀ ਆ, ਆਪਾਂ ਸਵੇਰੇ ਹੀ ਤੁਹਾਡੀ ਪੈਲੀ ਵਿੱਚ ਬੋਰ ਕਰ ਦਵਾਂਗੇ ਬੀਰੂ - ਪਰ ਚਾਚਾ ਮੇਰੇ ਕੋਲ ਪੈਸੇ ਹੈਨੀ ਹਾ ਬਾਪੂ ਨੇ ਸ਼ਰਾਬ ਕੱਢੀ ਸੀ ਉਹ ਇਕ ਬੋਤਲ ਲੈ ਲਵੀਂ...

ਮਿਸਤਰੀ ਉੱਚੀ ਉੱਚੀ ਹੱਸਣ ਲੱਗ ਪਿਆ , ਉਹ ਤੇ ਅੱਗੇ ਸ਼ਰਾਬ ਦਾ ਸ਼ੋਕੀਨ ਸੀ - ਕੋਈ ਨਹੀਂ ਕਾਕਾ ਮੈਂ ਪੈਸੇ ਨਹੀਂ ਲੈਂਦਾ ਤੂੰ ਬੋਤਲ ਤੇ ਇੰਝ ਕਰ ਮੈਂ ਤੈਨੂੰ ਸਾਮਾਨ ਦਸ ਦੇਣਾ ਉਹ ਲੈ ਆਵੀਂ । ਚੱਲ ਹੁਣ ਘਰ ਨੱਸ ਜਾ ਕੁਵੇਲਾ ਹੋ ਗਿਆ ਸਵੇਰੇ ਆਊਗਾ ਮੈਂ...

ਬੀਰੂ ਦੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਸੀ ਉਹ ਭੱਜਦਾ ਭੱਜਦਾ ਘਰ ਨੂੰ ਚਲਾ ਗਿਆ । ਘਰ ਜਾਂਦਿਆਂ ਸਾਰ ਉਹਨੇ ਪਹਿਲਾ ਆਪਣੀ ਬੁੱਗਣੀ ਲੱਭਣੀ ਸ਼ੁਰੂ ਕੀਤੀ..

ਜੀਤੋ ਅੰਦਰ ਆ ਗਈ - ਪੁੱਤ ਕੀ ਗਵਾਚ ਗਿਆ ਤੇਰਾ ?

ਕੁਝ ਨਹੀਂ ਬੀਬੀ ਬੁੱਗਣੀ ਵੇਖ ਦਾ ਸੀ ਤੋੜ ਕ ਪੈਸੇ ਕੱਢਣੇ..

ਜੀਤੋ ਬੜੀ ਹੈਰਾਨ ਹੋਈ - ਹੈ ਪੈਸੇ! ਉਹ ਕੀ ਕਰਨੇ ਤੂੰ ?

ਬੀਰੂ - ਸਵੇਰ ਬੋਰ ਹੋਣਾ ਨਾ ਸਾਡੀ ਜ਼ਮੀਨ ਵਿੱਚ ਸਾਮਾਨ ਲੈ ਕੇ ਆਉਣਾ... ਜੀਤੋ ਨੂੰ ਕੁਝ ਸਮਝ ਨਹੀਂ ਆ ਰਿਹਾ ਸੀ ਕੇ ਬੀਰੂ ਆਖੀ ਕੀ ਜਾਂਦਾ - ਪੁੱਤ ਤੈਨੂੰ ਕਿੰਨੇ ਕਿਹਾ ਏਦਾਂ ?

ਕੁਝ ਨਹੀਂ ਬੀਬੀ ਉਹ ਸ਼ਿੰਦੇ ਦੇ ਮਿਸਤਰੀ ਨੇ ਆਖਿਆ ਅੱਜ ਉਹਨਾਂ ਦੇ ਬੋਰ ਕਰਨ ਆਇਆ ਸੀ ਆਂਦਾ ਪਲਕੇ ਤੁਹਾਡੇ ਕਰ ਦਵਾਂਗਾ ।

ਇਹਨੀ ਗੱਲ ਆਖ ਬੀਰੂ ਪੈਸੇ ਲੈ ਸਾਮਾਨ ਲੈਣ ਲਈ ਚੱਲਾ ਗਿਆ...

ਜੀਤੋ ਨੇ ਸੋਚਿਆ ਕੋਈ ਵਿਚਾਰੇ ਦੀ ਗ਼ਰੀਬੀ ਨਾਲ ਮਜ਼ਾਕ ਕਰਕੇ ਚਲਾ ਗਿਆ ਏ । ਰੱਬ ਦੀ ਮੇਹਰ ਨਾਲ ਜਿੰਨੇ ਬੀਰੂ ਕੋਲ ਪੈਸੇ ਸੀ ਉਹਨੇ ਦਾ ਸਾਮਾਨ ਆ ਗਿਆ । ਸਵੇਰੇ ਹੀ ਮਿਸਤਰੀ ਨੇ ਸਾਰਾ ਬੋਰ ਦਾ  ਸਾਮਾਨ ਬੀਰੂ ਕੇ ਖੇਤਾਂ ਚ ਲਿਆਂ ਸੁੱਟਿਆ । ਸਾਰਾ ਦਿਨ ਬੋਰ ਹੁੰਦਾ ਰਿਹਾ ਬੀਰੂ ਦੇ ਚੇਹਰੇ ਤੇ ਵੱਖਰੀ ਹੀ ਖੁਸ਼ੀ ਸੀ । ਜੀਤੋ ਪਿੱਛੇ ਖੇਤਾਂ ਵਿੱਚ ਗਈ ਤੇ ਉਹਨੂੰ ਫੇਰ ਯਕੀਨ ਹੋਇਆ  ਕੇ ਬੀਰੂ ਸੱਚ ਹੀ ਆਖ ਰਿਹਾ ਸੀ । ਸ਼ਾਮ ਨੂੰ ਬੋਰ ਹੋ ਗਿਆ ਪਰ ਪਾਣੀ ਨਾ ਆਇਆ ਗੱਲ ਮੋਟਰ ਤੋਂ ਰਹਿ ਗੀ  । ਬੀਰੂ ਦਾ ਖਿੜਿਆ ਚੇਹਰਾ ਮੁਰਝਾ ਗਿਆ ਕੇ ਮੋਟਰ ਕਿਥੋਂ ਲਿਆਵਾਂ ? ਪਰ ਵਾਹਿਗੁਰੂ ਨੇ ਉਹਦੀ ਏ ਵੀ ਸੁਣ ਲਈ ਸ਼ਿੰਦੇ ਨੇ ਉਹਨੂੰ ਆਪਣੇ ਬਾਪੂ ਕੋਲੋਂ ਪੁਰਾਣੀ

ਮੋਟਰ ਲਿਆ ਕੇ ਦੇ ਦਿੱਤੀ ਤੇ ਪੈਸੇ ਕਿਸ਼ਤਾਂ ਵਿੱਚ ਕਰ ਲਏ..ਮਿਸਤਰੀ ਨੇ ਮੋਟਰ ਦੀਆ ਤਾਰਾਂ ਜਦ ਜੋੜੀਆਂ ਤੇ ਪਾਣੀ ਦਾ ਫੁਵਾਰਾ ਖੇਤਾਂ ਚ ਚੱਲ ਪਿਆ ਬੀਰੂ ਦਾ ਮਨ ਨੱਚ ਉੱਠਿਆ ਉਹ ਖੜਾ ਹੋ ਕੇ ਨੱਚਣ ਲੱਗ ਪਿਆ ਜਿਵੇਂ ਉਹਨੂੰ ਆਪਣੇ ਸੁਪਨੇ ਸੱਚ ਹੁੰਦੇ ਵਿੱਖ ਰਹੇ ਸੀ। ਸਾਰੇ ਪਿੰਡ ਵਿੱਚ ਰੌਲਾ ਪੈ ਗਿਆ ਕੇ ਬੀਰੂ ਨੇ ਬੋਰ ਕਰਾ ਲਿਆ। ਕਰਮੀ ਤਕ ਗੱਲ ਅਪੜੀ ਤੇ ਉਹ ਸੜ ਕੇ ਸੁਵਾਹ ਹੋ ਗਈ...

ਅਗਲੇ ਸਾਲ ਬੀਰੂ ਦੀ ਫ਼ਸਲ ਬਹੁਤ ਚੰਗੀ ਹੋਈ ਉਹਨੇ ਘਰ ਦਾ ਅੱਧੇ ਨਾਲੋਂ ਵੱਧ ਕਰਜ਼ਾ ਲਾ ਦਿੱਤਾ..

ਬੀਰੂ ਖੇਤਾਂ ਵਿੱਚ ਕੰਮ ਰਿਹਾ ਸੀ ਉਹਨੇ ਦੇ ਖੇਤ ਕਰਮੀ ਦੇ ਘਰ ਦੇ ਸਾਹਮਣੇ ਸੀ..

ਕਰਮੀ ਨੇ ਬੀਰੂ ਨੂੰ ਵੇਖ ਆਵਾਜ਼ ਮਾਰ ਲਈ - ਪੁੱਤ ਗਰਮੀ ਬੜੀ ਹੈ ਲੈ ਫੜ੍ਹ ਠੰਡਾ ਦੁੱਧ ਪੀ ਲਾ..

ਜਿਹੜੇ ਪਿਆਰ ਲਈ ਉਹ ਵਰਿਆ ਲਈ ਤਰਸ ਰਿਹਾ ਸੀ ਅੱਜ ਚਾਚੀ ਦੇ ਉਹ ਪਿਆਰ ਨੇ ਸਾਰੀ ਪਿਆਸ ਭੁੱਜਾ ਦਿੱਤੀ। ਉਹਨੂੰ ਰਿਸ਼ਤਿਆਂ ਦੇ ਧਾਗੇ ਵਿੱਚ ਵੱਜੀ ਗੰਢ ਅੱਜ ਖੁਲਦੀ ਨਜ਼ਰ ਆਈ। ਜਿਹੜੇ ਫੁੱਲ ਮੁਰਝਾ ਗਏ ਸੀ ਉਹਨੂੰ ਲੱਗਾ ਜਿਵੇਂ ਅੱਜ ਏਹਨਾਂ ਨੂੰ ਵੀ ਪਾਣੀ ਮਿਲ ਗਿਆ ਹੈ। ਦੁੱਧ ਪੀ ਉਹ ਉੱਠ ਫਿਰ ਖੇਤਾਂ

ਵਿੱਚ ਕੰਮ ਕਰਨ ਲੱਗ ਪਿਆ ।ਜੀਤੋ ਦੀਆ ਆਸਾ ਦੇ ਦੀਵੇ ਵੀ ਫਿਰ ਤੋਂ ਜੱਗਣ ਲੱਗ ਪਏ। ਦਿਆਲੇ ਦੀ ਸਿਹਤ ਵਿੱਚ ਵੀ ਸੁਧਾਰ ਆਉਣਾ ਸ਼ੁਰੂ ਹੋ ਗਿਆ...

ਸਿਖਰ ਦੁਪਹਿਰ ਲੱਗੀ ਹੋਈ ਸੀ ।ਬੀਰੂ ਮੱਝਾਂ ਚਾਰਦਾ ਇਕ ਸੰਘਣੇ ਰੁੱਖ ਦੀ ਛਾਂ ਹੇਠਾਂ ਲੰਮਾ ਪੈ ਗਿਆ ।ਚੋਂਦੇ ਮੁੜਕੇ ਨੇ ਉਹਦੇ ਅੰਦਰ ਦੀ ਸਾਰੀ ਮਿੱਠਤਤਾ ਨੂੰ ਆਪਣੇ ਨਾਲ ਹੀ ਘੋਲ ਕੇ ਖਤਮ ਕਰ ਦਿੱਤਾ। ਲੰਮੇ ਪਏ ਨੂੰ ਉਹਨੂੰ ਅਚਾਨਕ ਇੰਝ ਲੱਗਾ ਜਿਵੇਂ ਉਹਦਾ ਇਕ ਪਾਸਾ ਸੋ ਹੀ ਗਿਆ ਹੈ, ਅੱਖਾਂ ਉਹਦੀਆਂ ਤਾਹ ਨੂੰ ਚੜ੍ਹ ਗਈਆ। ਉੱਠਣ ਦੀ ਉਹਨੇ ਬਹੁਤ ਕੋਸ਼ਿਸ਼ ਕੀਤੀ ਪਰ ਉਹਦਾ ਇਕ ਪਾਸਾ ਜਿਵੇਂ ਮਾਰਿਆ ਗਿਆ। ਖੱਬਾ ਪਾਸਾ ਉਹਦਾ ਇਕ ਥਾਂ ਤੇ ਹੀ ਖੜ੍ਹ ਗਿਆ। ਸੱਜੇ ਹੱਥ ਦੀ ਬਾਂਹ ਤੇ ਲੱਤ ਉਹਦੀ ਮੱਛਲੀ ਵਾਂਗ ਤੜਫਣ ਲੱਗੀ। ਜਦ ਉਹਨੀ ਕੁਝ ਵਕ਼ਤ ਬਾਦ ਹੋਸ਼ ਆਈ ਕੋਲ ਉਹਦੇ ਕੋਈ ਨਹੀਂ ਸੀ..ਉਹਨੇ ਉੱਠ ਕੇ ਆਪਣੇ ਸੱਜੇ ਹੱਥ ਦੀ ਬਾਂਹ ਨਾਲ ਆਪਣੀ ਖੱਬੀ ਲੱਤ ਤੇ ਹੱਥ ਨੂੰ ਟੋਹ ਕੇ ਵੇਖਿਆ ਤੇ ਸਭ ਠੀਕ ਸੀ। ਸੋਚਿਆ ਗਰਮੀ ਕਰਕੇ ਸ਼ਰੀਰ ਠੰਡਾ ਤੱਤਾਂ ਹੋ ਗਿਆ ਹੋਣਾ। ਉੱਠ ਕੇ ਘਰ ਵੱਲ ਨੂੰ ਤੁਰ ਪਿਆ। ਰਾਤ ਨੂੰ ਉਹਨੂੰ ਫਿਰ ਆਹੀ ਦੋਰਾ ਪਿਆ ਪਰ ਉਹਨੇ ਕਿਸੇ ਨੂੰ ਕੁਝ ਨਾ ਆਖਿਆ। ਤਿੰਨ ਦਿਨ ਉਹ ਪੀੜ ਨਾਲ ਤੜਫਦਾ ਰਿਹਾ। ਪਰ ਅਖੀਰ ਇਕ ਦਿਨ ਜੀਤੋ ਨੇ ਉਹਨੂੰ ਇਸ ਹਾਲਤ ਵਿੱਚ ਵੇਖ ਲਿਆ ਉਹਦੀਆਂ ਚੀਕਾਂ ਨਿਕਲ ਗਈਆ.ਪਰ ਫਿਰ ਵੀ ਬੀਰੂ ਪਰਦਾ ਪਾਉਦਾਂ ਰਿਹਾ ਕੇ ਬੀਬੀ ਕੁਝ ਨਹੀਂ ਹੋਇਆ ਮੈਂ ਜਾਣ ਕੇ ਕਰਦਾ ਸੀ ਕਿਉਕਿ ਉਹ ਘਰਦੇ ਹਾਲਾਤਾਂ ਤੋਂ ਡਰਦਾ ਜੀਤੋ ਨੂੰ ਕੁਝ ਨਹੀਂ

ਦੱਸਣਾ ਚਾਹੁੰਦਾ ਸੀ। ਜੀਤੋ ਮਾਂ ਸੀ ਉਹਦਾ ਦਿਲ ਚੰਗੀ ਤਰਾਂ ਜਾਣਦਾ ਸੀ ਕੇ ਬੀਰੂ ਝੂਠ ਬੋਲਦਾ। ਜੀਤੋ ਨੇ ਸਵੇਰੇ ਉੱਠ ਬੀਰੂ ਦੀ ਇਕ ਨਾ ਸੁਣੀ ਤੇ ਉਹਨੂੰ ਵੱਡੇ ਹਸਪਤਾਲ ਡਾਕਟਰ ਕੋਲ ਲੈ ਗਈ...

ਡਾਕਟਰ ਨੇ ਬੀਰੂ ਨੂੰ ਵੇਖਿਆ ਤੇ ਉਹਨੂੰ ਨਾਲ ਹੀ ਸਮਝ ਆ ਗਿਆ - ਤੁਹਾਡੇ ਮੁੰਡੇ ਨੇ ਕੋਈ ਜਹਿਰੀਲੀ ਦਵਾਈ ਖਾ ਲਈ ਹੈ, ਦਵਾਈ ਦੀ ਮਾਤਰਾ ਜਿਆਦਾ ਨਹੀਂ ਸੀ ਜਿਸ ਕਾਰਨ ਏਹ ਜਾਨ ਪੱਖੋਂ ਤਾ ਬੱਚ ਗਿਆ ਪਰ ਇਹਦੇ ਸ਼ਰੀਰ ਦਾ ਇਕ ਪਾਸਾ ਖੜ੍ਹ ਗਿਆ ਹੈ ਜਿਸ ਕਰਕੇ ਏਹਨੂੰ ਏ ਦੌਰੇ ਪੈ ਰਹੇ ਨੇ। ਜੇਕਰ ਏਹਦਾ ਇਲਾਜ਼ ਛੇਤੀ ਤੋਂ ਛੇਤੀ ਨਾ ਕੀਤਾ ਗਿਆ ਏਹਦੀ ਜਾਨ ਵੀ ਜਾ ਸਕਦੀ ਹੈ.. ਜੀਤੋ ਦੇ ਪੈਰਾਂ ਹੇਠੋ ਜ਼ਮੀਨ ਖਿਸਕ ਗਈ, ਤੇ ਉਹ ਆਪਣਾ ਸਿਰ ਫੜ੍ਹ ਥੱਲੇ ਬਹਿ ਰੋਣ ਲੱਗ ਪਈ...

ਡਾਕਟਰ ਨੇ ਹੌਂਸਲਾ ਦੇਂਦੇ ਨੇ ਕਿਹਾ ਤੁਸੀ ਘਬਰਾਉ ਨਾ ਹਰ ਚੀਜ਼ ਦਾ ਅੱਜਕਲ ਇਲਾਜ਼ ਹੈ, ਪਰ ਮੈਨੂੰ ਸਮਝ ਨਹੀਂ ਆ ਰਹੀ ਤੁਹਾਡੇ ਘਰ ਇਹਨੀ ਜ਼ਹਿਰੀਲੀ ਦਵਾਈ ਆਈ ਕਿਥੋਂ ?

ਡਾਕਟਰ ਨੇ ਨਰਸ ਕੋਲੋਂ ਉਹ ਦਵਾਈ ਦੀ ਸ਼ੀਸ਼ੀ ਅੰਦਰੋਂ ਮੰਗਵਾ ਜੀਤੋ ਨੂੰ ਦਿਖਾਈ ਕੇ ਇਸ ਤਰਾਂ ਦੀ ਦਵਾਈ ਹੈ...

ਬੀਰੂ ਨੂੰ ਪੁੱਛਿਆ ਤੇ ਉਹਨੇ ਵੀ ਆਹੀ ਕਿਹਾ ਕੇ ਮੈਨੂੰ ਇਸ ਬਾਰੇ ਕੁਝ ਨਹੀਂ ਪਤਾ...

ਜੀਤੋ ਬੀਰੂ ਨੂੰ ਲੈ ਘਰ ਆ ਗਈ । ਦਵਾ ਦਾਰੂ ਬਥੇਰਾ ਕਰਾਇਆ ਪਰ ਬੀਰੂ ਨੂੰ ਕੋਈ ਫ਼ਰਕ ਨਹੀਂ ਪਿਆ । ਹੌਲੀ ਹੌਲੀ ਉਹ ਵਿਚਾਰਾਂ ਮੰਜੀ ਤੇ ਪੈ ਗਿਆ । ਜੀਤੋ ਦੀ ਚਿੰਤਾ ਦਿਨੋ ਦਿਨ ਵੱਧ ਦੀ ਗਈ । ਦਿਨ ਰਾਤ ਉਹ ਅਰਦਾਸ ਕਰਦੀ । ਕੰਮ ਉਹਨਾਂ ਦਾ ਦਿਨੋ ਦਿਨ ਫਿਰ ਥੱਲੇ ਜਾਂਦਾ ਗਿਆ । ਫਿਰ ਕਿਸੇ ਨੇ ਆਖਿਆ ਕੇ ਸ਼ਹਿਰ ਕੋਈ ਡਾਕਟਰ ਨਵਾਂ ਆਇਆ ਹੈ ਉਹਨੂੰ ਦਿਖਾ ਕੇ ਲੈ ਆ । ਬੀਰੂ ਨੂੰ ਉਸ ਡਾਕਟਰ ਪਾਸੋ ਅਰਾਮ ਆਉਣਾ ਤੇ ਸ਼ੁਰੂ ਹੋ ਗਿਆ, ਪਰ ਉਹਦੇ ਇਲਾਜ਼ ਵਿਚ ਘਰ ਦੀਆਂ ਜਿਹੜੀਆਂ ਚਾਰ ਛਿਲੱੜਾਂ ਸੀ ਉਹ ਵੀ ਵਿੱਕ ਗਈਆ ਦਿਨ ਹੋਰ ਦੇ ਹੋਰ ਹੁੰਦੇ ਗਏ । ਬੀਰੂ ਨੂੰ ਫਰਕ ਪੈਣ ਲੱਗ ਪਿਆ....

ਇਕ ਦਿਨ ਬੀਰੂ ਟਹਿਲਦਾ ਖੇਤਾਂ ਵੱਲ ਨੂੰ ਚਲਾ ਗਿਆ ਉਥੇ ਪੂਰਨ ਝੋਨੇ ਦੀ ਟਰਾਲੀ ਲੱਧ ਰਿਹਾ ਸੀ ਉਹਨੇ ਬੀਰੂ ਨੂੰ ਵੇਖ ਆਵਾਜ਼ ਮਾਰ ਲਈ- ਪੁੱਤਰਾਂ ਜ਼ਰਾ ਕੇ ਝੋਨਾ ਈ ਲੱਧਾ ਦੇ ਟਰਾਲੀ ਵਿੱਚ...!

ਹਾਂ ਚਾਚਾ ਜ਼ਰੂਰ...। ਤੇ ਬੀਰੂ ਪੂਰਨ ਨਾਲ ਝੋਨਾ ਲਾਧੋਣ ਲੱਗ ਪਿਆ ।

ਨਾਲ ਈ ਪੂਰਨ ਦੀ ਇੱਕ ਕੁੜੀ ਭੱਜੀ ਆਈ - ਬਾਪੂ ਬਾਪੂ ਛੇਤੀ ਘਰ ਚੱਲ ਬੇਬੇ ਨੂੰ ਕੁਝ ਹੋ ਗਿਆ ਏ..

ਪੂਰਨ ਨੂੰ ਲੱਗਾ ਕਿਤੇ ਐਵੇਂ ਕਰੀ ਜਾਂਦੀ - ਪੁੱਤ ਤੂੰ ਘਰ ਚੱਲ ਤੰਗ ਨਾ ਕਰ ਸਾਨੂੰ ਕੰਮ ਕਰਨ ਦੇ ਜ਼ਰਾ..

ਤੇ ਪੂਰਨ ਨੇ ਉਹਦੀ ਗੱਲ ਵੱਲ ਕੋਈ ਧਿਆਨ ਨਾ ਦਿੱਤਾ ਬੀਰੂ ਨਾਲ ਹੀ ਰੁੱਕ ਗਿਆ- ਨਹੀਂ ਚਾਚਾ ਭੈਣ ਕਿੰਨੀ ਘਬਰਾਈ ਏ ਆਪਾਂ ਚੱਲ ਕੇ ਪਹਿਲਾ ਚਾਚੀ ਨੂੰ ਵੇਖ ਆਉਣੇ ਆ ਕਿਧਰੇ ਜਿਆਦਾ ਸੱਟ ਪੇਟ ਨਾ ਲੱਗ ਗਈ ਹੋਵੇ ।

ਪੂਰਨ ਨੇ ਬੀਰੂ ਦੀ ਗੱਲ ਮਨ ਲਈ ਤੇ ਉਹ ਦੋਵੇਂ ਘਰ ਵੱਲ ਨੂੰ ਤੁਰ ਪਏ...ਜਦੋ ਉਹ ਘਰ ਵੜੇ ਪੂਰਨ ਦੀਆਂ ਨਾਲ ਹੀ ਚੀਕਾਂ ਨਿਕਲ ਗਈਆ।

ਕਰਮੀ ਜ਼ਮੀਨ ਤੇ ਲੰਮੀ ਪਈ ਖ਼ੂਨੋਂ ਖ਼ੂਨ ਹੋਈ ਪਈ ਸੀ, ਚਾਰੇ ਪਾਸੇ ਖ਼ੂਨ ਦੀਆਂ ਧਾਰਾ ਵੱਗ ਰਹੀਆਂ ਸੀ ਜਿਵੇਂ ਖ਼ੂਨ ਦਾ ਬੰਨ ਕਿਸੇ ਨੇ ਤੋੜ ਦਿੱਤਾ ਹੋਵੇ। ਕਰਮੀ ਉੱਤੇ ਸ਼ੁਰਲੀ ਵਾਲਾ ਪੱਖਾਂ ਡਿੱਗਾ ਪਿਆ ਸੀ ਕਰੰਟ ਲੱਗਣ ਕਾਰਨ ਉਹਦੇ ਸ਼ਰੀਰ ਦੇ ਖੱਬੇ ਪਾਸੇ ਦੇ ਸਾਰੇ ਚਿੱਥੜੇ ਉੱਡ ਗਏ ਸੀ। ਸਿਰ ਦਾ ਖੱਬਾ ਪਾਸਾ ਨਾਲੋਂ ਹੀ ਲੱਥਾ ਪਿਆ ਸੀ ਇੰਙ ਲੱਗਦਾ ਸੀ ਜਿਵੇਂ ਜਾਨਵਰਾਂ ਉਹਨੂੰ ਨੋਚ ਨੋਚ ਖਾਧਾਂ ਹੋਵੇ। ਖੱਬੇ ਹੱਥ ਦੀਆਂ ਉਂਗਲਾਂ ਨਾਲੋਂ ਲੱਥ ਏਧਰ ਓਧਰ ਖਿਲੱਰੀਆਂ ਪਈਆ ਸੀ। ਦੇਖਦੇ ਹੀ ਦੇਖਦੇ ਜੀਤੋ ਦੇ ਦਿਆਲਾ ਵੀ ਆ ਗਏ। ਜੀਤੋ ਦੀ ਭੁੱਬ ਹੀ ਨਿਕਲ ਗਈ। ਬੀਰੂ ਕਦੀ ਪੂਰਨ ਨੂੰ ਸਾਂਭ ਦਾ ਕਦੀ ਜੀਤੋ ਨੂੰ..ਜੀਤੋ ਵੱਧ ਵੱਧ ਕਰਮੀ ਦੀ ਲਾਸ਼ ਵੱਲ ਭੱਜਦੀ। ਏਹਨੇ ਚ ਹੀ ਪੂਰਨ ਤੇ ਕਰਮੀ ਦੀ ਛੋਟੀ ਕੁੜੀ ਡਰੀ ਸਹਿਮੀ ਜੀਤੋ ਦੇ ਗੱਲ ਲੱਗ ਗਈ। ਜੀਤੋ ਨੇ ਉਹਨੂੰ ਗੱਲ ਨਾਲ ਘੁੱਟ ਲਿਆ। ਕੁੜੀ ਦੇ ਹੱਥ ਵਿੱਚ ਕੁਝ ਸੀ ਜਿਸ ਨੂੰ ਉਹ ਵੇਖ ਵੇਖ ਰੋਈ ਜਾਂਦੀ...

ਜਦ ਜੀਤੋ ਨੇ ਉਹਦੇ ਹੱਥ ਵੱਲ ਦੇਖਿਆ ਤੇ ਏਹ ਉਹੀ ਦਵਾਈ ਦੀ ਸ਼ੀਸ਼ੀ ਸੀ ਜਿਹੜੀ ਡਾਕਟਰ ਨੇ ਉਸ ਦਿਨ ਕਿਹਾ ਸੀ ਕੇ ਬੀਰੂ ਨੇ ਪੀ ਲਈ ਹੈ। ਜੀਤੋ ਦੇ ਸਾਹ ਉੱਤੇ ਦੇ ਉੱਤੇ ਰਹਿ ਗਏ.।

ਉਹਨੇ ਕੁੜੀ ਨੂੰ ਪੁੱਛਿਆ ਪੁੱਤ ਏਹ ਕਿਥੋਂ ਆਈ ਤੇਰੇ ਕੋਲੋਂ-[ ਕੁੜੀ ਰੋਂਦੀ ਰੋਂਦੀ ਬੋਲੀ] ਤਾਈਂ ਏਹ ਮੈਂ ਮਾਂ ਦੀ ਅਲਮਾਰੀ ਵਿੱਚੋ ਕੱਢੀ ਸੀ ਤੇ ਮਾਂ ਮੇਰੇ ਪਿੱਛੇ ਏਹਨੂੰ ਲੈਣ ਲਈ ਭੱਜੀ ਤੇ ਪੱਖੇ ਦੀ ਤਾਰ ਨਾਲ ਉਹਦਾ ਪੈਰ ਅੜ੍ਹ ਗਿਆ। ਇਹਨੀ ਗੱਲ ਸੁਣਦੇ ਜੀਤੋ ਦੀਆਂ ਚੀਕਾਂ ਪੂਰੇ ਪਿੰਡ ਵਿੱਚ ਗੁੰਜ ਉੱਠੀਆ..

ਉਹਨੂੰ ਕਰਮੀ ਕਦੇ ਆਪਣੇ ਨਾਲ ਖੇਡ ਦੀ ਵਿਖਦੀ ਕਦੀ ਉਹ ਚਾਵਾਂ ਨਾਲ ਕਰਮੀ ਦੇ ਸਿਰੋਂ ਪਾਣੀ ਵਾਰਦਿਆਂ ਆਪਣੇ ਆਪ ਨੂੰ ਵੇਖ ਦੀ। ਕਦੀ ਆਪਣੀ ਹੀ ਭੈਣ ਨੂੰ ਸ਼ਰੀਕਾ ਕਰਦਿਆਂ ਵੇਖਦੀ। ਅੱਜ ਹੀ ਤੇ ਬੀਰੂ ਦਾ ਖੱਬਾ ਪਾਸਾ ਠੀਕ ਹੋਇਆ ਸੀ ਤੇ ਅੱਜ ਹੀ ਕਰਮੀ ਦਾ ਖੱਬਾ ਪਾਸਾ।

ਸਭ ਗੱਲਾਂ ਜੀਤੋ ਨੇ ਆਪਣੇ ਅੰਦਰ ਫੇਰ ਤੋਂ ਦਬਾ ਲਾਈਆ ਕੇ ਕਿਤੇ ਸਾਡੇ ਨਿਆਣਿਆਂ ਵਿੱਚ ਨਾ ਸ਼ਰੀਕਾਂ ਬਣ ਜਾਵੇ..

ਕਿੰਨੇ ਅਜੀਬ ਹੋ ਗਏ ਨੇ ਰਿਸ਼ਤੇ ਕਿਤੇ ਇਹਨਾਂ ਦੇ ਫੁੱਲ ਪਾਣੀ ਪੱਖੋਂ ਮੁਰਝਾਈ ਜਾਂਦੇ ਨੇ ਤੇ ਕਿਤੇ ਹਨੇਰੀਆਂ ਰਾਤਾਂ ਵਿੱਚ ਸਾਥ ਹੋਣ ਦੇ ਬਾਵਜੂਦ ਵੀ ਏਹ ਘਬਰਾਈ ਜਾਂਦੇ ਨੇ.... ਕਿੰਨਾ ਤਾਕਤਵਰ ਹੈ ਇਹ ਸ਼ਬਦ [ ਸ਼ਰੀਕਾ] - ਜਿਹੜਾ ਜ਼ਮੀਨ ਦੇ ਕੁਝ ਕੁ ਟੁੱਕੜਿਆਂ ਲਈ ਸਾਡੇ ਖ਼ੂਨੀ ਰਿਸ਼ਤਿਆਂ ਦਾ ਲਹੂ ਚਿੱਟਾ ਕਰ ਦੇਂਦਾ,

ਬਚਪਨ ਤੋਂ ਹੀ ਜਿਸ ਵਿਹੜੇ ਵਿਚ ਅਸੀਂ ਆਪਣੇ ਭੈਣ ਭਰਾਵਾਂ ਨਾਲ ਕਿੰਨੀਆਂ ਰੀਝਾਂ ਨਾਲ ਪਿਆਰ ਦੀਆਂ ਨੀਹਾਂ ਭਰੀਆਂ ਹੁੰਦੀਆਂ, ਉੱਥੇ ਇਹ ਕਿੰਨੀ ਛੇਤੀ ਸ਼ਰੀਕੇ ਦੀਆਂ ਕੰਧਾਂ ਉਸਾਰ ਦੇਂਦਾ ਸਾਡੇ ਰਿਸ਼ਤਿਆਂ ਨੂੰ ਪਤਾ ਤੱਕ ਨਹੀਂ ਲੱਗਦਾ.....ਕਿੰਨਾ ਤਾਕਤਵਰ ਹੈ ਨਾ ਇਹ ਸ਼ਬਦ... ਹੈਨਾ..?

**ਲੇਖਕ - ਅਕਸ਼ ਕੌਰ ਪੁਰੇਵਾਲ**

**@Aksh_purewal**

ਪੰਜਾਬੀ ਲਾਇਬ੍ਰੇਰੀ
PUNJABI LIBRARY

www.PunjabiLibrary.com